**ੴ ਸਤਿਗੁਰ ਪ੍ਰਸਾਦਿ ॥**

**ਕੀਤਾ ਕਿਆ ਸਾਲਾਹੀਐ, ਜਿਸੁ ਜਾਦੇ ਬਿਲਮ ਨ ਹੋਈ ॥**

**ਨਿਹਚਲੁ ਸਦਾ ਏਕੁ ਹੈ, ਗੁਰਮੁਖਿ ਬੁਝੈ, ਸੁ ਨਿਹਚਲ ਹੋਈ ॥**

ਸਤਿਕਾਰਤ ਸਿੰਘ ਸਾਹਿਬ ਕੇਵਲ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ, ਜੀਓ, **੧੩ ਜੂਨ ੧੯੯੯.**

ਵਹਿਗੁਰੂ ਜੀ ਕਾ ਖ਼ਾਲਸਾ । ਵਹਿਗੁਰੂ ਜੀ ਕੀ ਫ਼ਤਹਿ

ਅਜੇ ਤੱਕ, ਜਾਂ ਸ਼ਾਇਦ ਸਦਾ ਲਈ ਆਪ ਜੀ ਵਲੋਂ ਉੱਤਰ ਅਥਵਾ ਕੋਈ ਹੁੰਗਾਰਾ ਹੀ, ਉਡੀਕ ਰਹੇ, ਮਿਤੀ ੧੫ ਜਨਵਰੀ ਅਤੇ ਫਿਰ ਮਿਤੀ ੨੧ ਫ਼ਰਵਰੀ ੧੯੯੯ ਨੂੰ ਲਿਖੇ ਨਿਮਾਣੇ ਬੇਨਤੀ ਪੱਤਰਾਂ ਦੀ ਲੜੀ ਵਿਚ ਹੀ ਇਸ ਤੀਜੇ ਜੋਦੜੀ ਪੱਤਰ ਦੁਆਰਾ ਤਰਲਾ ਲਿਖਣਾ ਅਰੰਭ ਕਰਨ ਤੋਂ ਪਹਿਲਾਂ ਦੋਵੇਂ ਹੱਥ ਬੰਨ੍ਹ ਕੇ ਖਿਮਾਂ ਮੰਗ ਲਵਾਂ ਕਿ--ਆਪ ਜੀ ਦੇ ਮਿੱਤਰ ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਦੀ, ਅਤੇ ਤੁਹਾਡੀ, ਦੋਹਾਂ ਮਹਾਂਪੁਰਖਾਂ ਦੀਆਂ ਪ੍ਰਭਾਵਸ਼ਾਲੀ ਤਸਵੀਰਾਂ (**=P.T.O**) ਵਾਲੇ, **ਇਕੋ** ਅਖ਼ਬਾਰ (ਇੰਡੋਕੈਨੇਡੀਅਨ ਟਾਈਮਜ਼ ਵੈਨਕੂਵਰ) ਵਿਚ, **ਇਕੋ** ਮਹੀਨੇ (ਫ਼ਰਵਰੀ ੧੯੯੯) ਵਿਚ, **ਇੱਕੋ** ਹੀ ਦਿਨ ਦੇ ਫ਼ਰਕ ਨਾਲ (੨੫ ਤੇ ੨੬ ਫ਼ਰਵਰੀ ਨੂੰ) ਲਗ-ਪਗ **ਇਕ** ਹੀ ਮੰਤਵ ਦੀ ਪੂਰਤੀ ਲਈ ਮਨ ਦੀ ਬਿਹਬਲਤਾ ਦਰਸਾਉਂਦੇ ਬਿਆਨ ਛਪਣ ਦੇ ਕਾਰਨ, ਪ੍ਰੋਫ਼ੈਸਰ ਮਨਜੀਤ ਸਿੰਘ ਜੀ ਦੀ ਸੇਵਾ ਵਿਚ ਲਿਖੀ ਚਿੱਠੀ ਦਾ ਉਤਾਰਾ ਤੁਹਾਡੀ ਸੇਵਾ ਵਿਚ ਵੀ ਭੇਜਣਾ ਜ਼ਰੂਰੀ ਸਮਝ ਲੈਣ ਦੀ ਭੁੱਲ ਕਰ ਬੈਠਾ ਹਾਂ।

ਸ਼ੁਕਰ ਹੈ ਕਿ ਤੁਸਾਂ ਇਸ ਪਾਵਨ ਤਖ਼ਤ ਸਾਹਿਬ ਦੀ ਧਰਤੀ ਤੇ, ਕੇਵਲ ਮਨ ਪਰਚਾਵੇ ਵਾਲੇ ਮੀਊਜ਼ੀਅਮ, ਜਾਂ ਡਿਜ਼ਨੀਲੈਂਡ ਦੀ ਤਰਜ਼ ਦੇ ਮਹਿੰਗੇ ਖਡਾਉਣੇ ਬਣਾਉਣ ਦੀ ਲੋਚਨਾਂ ਨੂੰ ਆਪਣੇ ਬਿਆਨ ਵਿਚ ਪ੍ਰਗਟ ਨਹੀਂ ਕੀਤੀ। ਭਾਂਵੇਂ ਤੁਸਾਂ ਪਹਿਲੇ ਕਿਸੇ ਵੀ ਪਾਤੀ ਦਾ ਕੋਈ ਉੱਤਰ ਨਹੀਂ ਦਿੱਤਾ ਫਿਰ ਵੀ ਇਹ ਢੀਠ ਦਾਸਰਾ ਨਰਾਸ ਨਹੀਂ ਹੋਇਆ ਅਤੇ ਆਸ ਬਣਾਈ ਬੈਠਾ ਹੈ ਕਿ, ਤੁਸੀਂ ਅਪਣੇ ਭਾਸ਼ਨ ਵਿਚਲੇ, ਹੇਠ ਲਿਖੇ ਕੁਝ ਚੋਣਵੇਂ ਪਰਵਚਨਾਂ ਸੰਬੰਧੀ ਸ਼ੰਕਿਆਂ ਦੀ ਨਿਵਤੀ ਵਿਚ ਵਿਆਖਿਆ ਲਿਖ ਭੇਜਣ ਦਾ ਉਪਕਾਰ ਕਰਨ ਬਾਰੇ ਵਿਚਾਰ ਜ਼ਰੂਰ ਬਣਾ ਲਵੋਗੇ --

੧) " ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਸਿੱਖ ਇਤਿਹਾਸ ਤੇ ਧਰਮ ਵਿਚ ਬਹੁਤ ਵਡੀ ਮਹੱਤਤਾ ਹੈ,
ਪਰ ਸਮੇਂ ਦੇ ਗੇੜ ਨਾਲ ਕੌਮ ਦੇ ਆਗੂ ਇਸ ਤਖ਼ਤ ਦੀ ਮਹਾਨਤਾ ਨੂੰ ਭੁੱਲ ਗਏ ਹਨ,
ਕਿ ਇਹ ਵੀ ਇਕ ਤਖ਼ਤ ਹੈ, ਅਤੇ ਇਸ ਦੀ ਮਾਨ ਮਰਯਾਦਾ ਨੂੰ ਬਹਾਲ ਰਖਿਆ ਜਾਵੇ "

## ਸ਼ੰਕੇ:-

(ੳ) ਸ੍ਰੀ ਦਮਦਮਾ ਸਹਿਬ ਦੇ ਤਖ਼ਤ ਬਣਨ ਦੀ ਠੀਕ ਤਾਰੀਖ਼ ਦਾ ਦਾਸ ਨੂੰ ਪਤਾ ਨਹੀਂ ਹੈ, ਪਰ ਤੀਜੀ ਵਾਰ ੧੯੭੪ ਵਿਚ ਛਪੇ ਮਹਾਨ ਕੋਸ਼ ਦੇ ੫੭● ਸਫ਼ੇ ਤੇ ਕੇਵਲ ਚਾਰ ਹੀ ਤਖ਼ਤ ਲਿਖੇ ਹਨ। ਭਾਵ, ਪੰਜਵਾਂ ਤਖ਼ਤ ਸਾਹਿਬ ੧੯੭੫ ਤੋਂ ਪਿੱਛੋਂ ਬਣਿਆਂ। ਜਦੋਂ ਦਾਸ ਦਮਦਮਾ ਸਹਿਬ ਦਰਸ਼ਨਾਂ ਨੂੰ ਗਿਆ ਸੀ ਉਦੋਂ ਅਜੇ ਕੰਮ ਚਲਾਊ ਛੋਟਾ ਜਿਹਾ ਤਖ਼ਤ ਸਾਹਿਬ ਸਤਿਗੁਰਾਂ ਦੇ ਦਰਬਾਰ ਹਾਲ ਦੇ ਅੰਦਰੇ ਹੀ ਬਣਾਇਆ ਹੋਇਆ ਸੀ। ਇਉਂ ਲੱਗਦਾ ਹੈ ਕਿ, ਪੰਜਵਾਂ ਤਖ਼ਤ ਅਜੇ ਕੱਲ੍ਹ ਬਣਿਆ ਹੈ। ਕੀ, ਇਸ ਅਸਥਾਨ ਦੇ ਪੁਰਾਤਨ ਇਤਿਹਾਸ ਦੀ ਮਹੱਤਤਾ ਸਮਝਣ ਤੋਂ ਬਿਨਾ ਹੀ ਇਸ ਨੂੰ " ਤਖ਼ਤ ਸਾਹਿਬ " ਘੋਸ਼ਤ ਕਰਕੇ ਪੰਥਕ ਅਰਦਾਸ ਵਿਚ ਪੰਜਵਾਂ ਤਖ਼ਤ ਕਹਿਣਾ ਅਰੰਭ ਹੋ ਗਿਆ ਸੀ ? ਫਿਰ ੧੯੭੫ ਤੋਂ ੧੯੯੯ ਤੱਕ ਕੇਵਲ ੨੨/੨੩ ਸਾਲਾਂ ਵਿਚ ਸਮੇ ਨੇ ਏਡਾ ਕਿਹੜਾ ਗੇੜ ਖਾ ਲਿਆ ਸੀ ਜੋ, ਕੌਮ ਦੇ ਆਗੂ ਇਸ ਤਖ਼ਤ ਦੀ ਮਹਾਨਤਾ ਭੁੱਲ ਗਏ ? ਜੇ, ਪੰਥਕ ਆਗੂ ਇਹ ਭੁੱਲ ਗਏ ਹੁੰਦੇ ਕਿ ਦਮਦਮਾ ਸਾਹਬ ਇਕ ਤਖ਼ਤ ਹੈ, ਤਾਂ ਅਰਦਾਸ ਵਿਚ ਇਸਦਾ ਜ਼ਿਕਰ ਅਤੇ ਸਿੰਘ ਸਾਹਿਬ ਜੀ ਇਸ ਪਾਵਨ ਅਸਥਾਨ ਤੇ ਤੁਹਾਡੀ ਨਿਯੁਕਤ ਵੀ ਸੁਪਨਾ ਹੀ ਬਣ ਗਈ ਹੁੰਦੀ।

(ਅ) ਕੀ, ਆਪ ਜੀ ਦੇ ਉਪਰੋਕਤ ਬਚਨ ਦਾ ਅਰਥ ਇਹ ਹੈ ਕਿ, ਕਥਿਤ ਤੌਰ ਤੇ ਸਮੁੱਚੇ ਪੰਥ ਵਲੋਂ ਬਣੀ ਮਰਯਾਦਾ ਨਾਲੋਂ, ਅਤੇ ਦੈਵੀ ਗੁਣਾ ਭਰਪੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਨੁਪਮ **ਮਰਯਾਦਾ** ਨਾਲੋਂ, ਤਖ਼ਤ ਦਮਦਮਾ ਸਾਹਿਬ ਦੀ ਮਾਨ ਮਰਯਾਦਾ ਉਚੇਚੀ ਮੁਹੱਤਤਾ ਵਾਲੀ ਸੀ, ਜਿਸ " ਮਾਨ ਮਰਯਾਦਾ ਨੂੰ ਬਹਾਲ ਰਖਿਆ ਜਾਵੇ " ਕਹਿਣ ਲਈ ਏਡੇ ਚਿੰਤਾਤਰ ਹੋ ਗਏ ਕਿ, ਅਸਤੀਫ਼ਾ (ਦੇਣ ਦਾ ਝੂਠ-ਡਰਾਵਾ) ਦੇਣਾ ਜ਼ਰੂਰੀ ਮੰਨ ਲਿਆ?

ਸ੍ਰੀ ਦਮਦਮਾ ਸਾਹਿਬ ਸਮੇਤ ਚੋਹਾਂ ਤਖ਼ਤਾਂ ਦੀ ਮਹੱਤਤਾ ਜਾਣਨ ਬਾਰੇ ਲਿਖੇ ਬੇਨਤੀ ਪੱਤਰ ਦਾ ਕੋਈ ਉੱਤਰ ਨਾ ਦੇਣਾ ਕੀ, ਤਖ਼ਤ ਸਾਹਿਬਾਨ ਬਾਰੇ ਆਪ ਜੀ ਦੀ ਸੁਹਿਰਦਤਾ ਦਾ ਹੀ ਸਬੂਤ ਹੈ ਜੀ ?

੨) " ਇਹ ਹੀ ਇਕ ਤਖ਼ਤ ਹੈ, " ਜਿਥੇ ਗੁਰੂ ਮਹਾਰਾਜ ਨੇ ਆਪ ਇਥੇ ਤਖ਼ਤ ਵਾਲੀ ਮਰਯਾਦਾ ਬਹਾਲ ਕੀਤੀ "। ਅਤੇ
ਜਿਥੋਂ ਹੀ ਤਖ਼ਤ ਸ੍ਰੀ ਹਜ਼ੂਰ ਸਾਹਿਬ ਨੰਦੇੜ ਦਾ ਜਥੇਦਾਰ ਨਿਯੁਕਤ ਕਰ ਕੇ ਭੇਜਿਆ ਜਾਂਦਾ ਸੀ ਅਤੇ ਇਹ
ਅਸਥਾਨ ਗੁਰਮਤਿ ਗਿਆਨ ਦੀ ਟਕਸਾਲ ਸੀ ਅਤੇ ਇਥੋਂ ਹੀ ਮਰਯਾਦਾ ਦੂਜੇ ਅਸਥਾਨਾ ਤੇ ਲਾਗੂ ਹੁੰਦੀ ਸੀ, "

* ਉਨ੍ਹਾਂ ਦੱਸਿਆ ਕਿ, " ਇਸ ਸਬੰਧੀ ਸਾਰੇ ਵੇਰਵੇ ਇਤਿਹਾਸ ਵਿਚੋਂ ਮਿਲਦੇ ਹਨ, ਅਤੇ ਸਵਾਲ ਖੜਾ ਹੁੰਦਾ ਹੈ
ਕਿ ਇਹ ਸਭ ਕੁੱਝ ਬੰਦ ਕਿਵੇਂ ਹੋ ਗਿਆ ? ਇਹ ਹੀ ਸਾਡਾ ਕੌਮੀ ਦੁਖਾਂਤ ਹੈ, ਜਿਸ ਬਾਰੇ ਕੌਮ ਨੇ ਸੋਚਣਾ ਹੈ । "

## ਸਮਾਧਾਨ ਗੋਚਰੇ ਸ਼ੰਕੇ:-

ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥ ਇਸ ਘਰ ਕੋ ਆਗ ਲਗੀ ਘਰ ਕੇ ਚਿਰਾਗ਼ ਸੇ

**(ੳ)** " ਜਿਥੇ ਗੁਰੂ ਮਹਾਰਾਜ ਨੇ ਆਪ ਇਥੇ ਤਖ਼ਤ ਵਾਲੀ ਮਰਯਾਦਾ ਬਹਾਲ ਕੀਤੀ "। ਮਹਾਨ ਕੋਸ਼ ਦੇ ੮੨੭ ਸਫ਼ੇ ਅਨੁਸਾਰ ਉਰਦੂ ਜ਼ਬਾਨ ਦੇ **ਬਹਾਲ** ਪਦ ਦਾ ਅਰਥ-**ਜਿਉਂ ਕਾ ਤਿਉਂ, ਪਹਿਲੇ ਦੀ ਤਰ੍ਹਾਂ-** ਲਿਖਿਆ ਹੈ। ਇਹ ਕਿਵੇਂ ਮੰਨਿਆ ਜਾਵੇ ਕਿ ਤੁਹਾਡੇ ਵਰਗੇ ਸਿਆਣੇ ਵਿਦਵਾਨ ਸਿੰਘ ਸਾਹਿਬ ਜੀ ਨੇ ਕੋਈ ਵੀ ਸ਼ਬਦ ਅਰਥਹੀਨ ਬੋਲਿਆ ਹੋਵੇਗਾ ? ਸੋ ਕ੍ਰਿਪਾ ਕਰਕੇ ਇਹ ਸਮਝਾਉ ਕਿ, ਉਹ ਕਿਹੜੀ ਮਰਯਾਦਾ ਸੀ ਜਿਹੜੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਜੁਗਤਿ ਦੇ ਮਾਲਕ, ਦਸਮ ਗੁਰੂ ਨਾਨਕ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਇਸ ਅਸਥਾਨ ਨੂੰ " **ਤਖ਼ਤ** " ਬਣਾਉਣ ਲਈ **ਬਹਾਲ** (=ਜਿਉਂ ਦੀ ਤਿਉਂ) ਕਰ ਦਿੱਤੀ ਸੀ ? ਜਾਂ ਉਹ ਕਿਹੜੀ ਉਚੇਚੀ ਮਰਯਾਦਾ ਚਲਾਈ ਸੀ ਜਿਸ ਤੋਂ (ਦੈਵੀ ਬਰਕਤਾਂ ਵਾਲੇ ਉਨ੍ਹਾਂ ਦੇ ਪਾਵਨ ਕਦਮ ਪੈਣ ਨਾਲ ਨਹੀਂ ਸਗੋਂ ਮਰਯਾਦਾ ਚਲਾਉਣ ਨਾਲ) ਇਹ ਅਸਥਾਨ "**ਤਖ਼ਤ ਸਾਹਿਬ**" ਬਣ ਗਿਆ ਸੀ ? ਅਤੇ ਇਸ ਪੱਖ ਵਲ ਵੀ ਝਾਤੀ ਮਾਰ ਲੈਣੀ ਕਿ, ਦਸ਼ਮੇਸ਼ ਜੀ ਦਮਦਮਾ ਸਾਹਿਬ ਵਿਖੇ ਅਠਾਰਵੀਂ ਸਦੀ ਦੇ ਅਰੰਭ ਵਿਚ ਹੀ ਪੁੱਜ ਗਏ ਸਨ, ਪਰ ਇਸ ਅਸਥਾਨ ਨੂੰ ਤਖ਼ਤ ਸਾਹਿਬ ਬਣਾਉਣ ਦਾ **ਵਿਚਾਰ** ਉਸ ਸਮੇ ਪ੍ਰਗਟ ਹੋਇਆ ਜਦੋਂ ਵੀਹਵੀ ਸਦੀ ਦਾ ਕੇਵਲ ਚੌਥਾ ਹਿੱਸਾ ਹੀ ਰਹਿੰਦਾ ਸੀ ? ਹੈਰਾਨੀ ਹੈ ਕਿ, ਤੁਸੀਂ ਇਸ ਤਖ਼ਤ ਦੀ ਕਿਹੜੀ ਅਤੇ ਕਦੋਂ ਦੇ ਇਤਿਹਾਸ ਦੀ ਮਰਯਾਦਾ ਬਾਰੇ ਝੋਰੇ ਵਿਚ ਪਏ ਹੋਏ ਹੋ? ਅਤੇ ਇਸ ਪਾਸੇ ਵੀ ਚਾਨਣਾ ਪਾਉ ਕਿ, ਜਿਨ੍ਹਾਂ ਗੁਰੂ ਅਸਥਾਨਾਂ ਨੂੰ ਤਖ਼ਤ ਨਹੀਂ ਬਣਾਇਆ ਗਿਆ ਕੀ ਉਨ੍ਹਾਂ ਅਸਥਨਾ ਤੇ ਪਹਿਲੇ ਨੌ ਗੁਰੂ-ਸਰੂਪਾਂ ਵਿਚੋਂ ਕਿਸੇ ਨੇ ਵੀ ਕੋਈ ਅਜਹੀ ਮਰਯਾਦਾ ਨਹੀਂ ਸੀ ਚਲਾਈ ਜਿਸ ਤੋਂ ਉਹ ਵੀ ਤਖ਼ਤ ਬਣ ਸਕਦੇ ?

(ਅ) ਕੀ, ਜਿਥੋਂ ਕਿਸੇ ਨੂੰ ਤਖ਼ਤ ਦਾ ਜਥੇਦਾਰ ਬਣਾ ਕੇ ਭੇਜਿਆ ਜਾਵੇ ਉਹ ਅਸਥਾਨ ਆਪ ਵੀ " ਤਖ਼ਤ " ਹੀ ਬਣ ਜਾਂਦਾ ਹੈ ਜੀ ?

(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਰਯਾਦਾ ਤੋਂ ਅੱਡਰੀ ਅਤੇ ਚੰਗੀ, ਕਿਹੜੀ ਉਚੇਚੀ ਮਰਯਾਦਾ ਸੀ ਜੋ ਦਮਦਮਾ ਸਾਹਿਬ ਤੋਂ ਦੂਜੇ ਅਸਥਾਨਾ ਤੇ ਲਾਗੂ ਕਰਵਾਈ ਜਾਂਦੀ ਸੀ ?

(ਸ) * ਸਵਾਲ ਖੜਾ ਹੁੰਦਾ ਹੈ ਕਿ ਇਹ ਸਭ ਕੁੱਝ ਬੰਦ ਕਿਵੇਂ ਹੋ ਗਿਆ ? ਇਹ ਹੀ ਸਾਡਾ ਕੌਮੀ ਦੁਖਾਂਤ ਹੈ, ਜਿਸ ਬਾਰੇ ਕੌਮ ਨੇ ਸੋਚਣਾ ਹੈ "

ਉਪ੍ਰੋਕਤ ਸਵਾਲ ਤੁਸਾਂ ਆਪ ਹੀ ਖੜਾ ਕੀਤਾ ਹੈ ਅਤੇ ਆਪ ਹੀ ਉਸ ਨੂੰ ਕੌਮੀ ਦੁਖਾਂਤ ਘੋਸ਼ਤ ਕਰ ਰਹੇ ਹੋ? ਇਹ ਕਿਵੇਂ ਮੰਨ ਲਿਆ ਜਾਵੇ ਕਿ, ਜਿਸ ਪ੍ਰਸ਼ਨ ਨੂੰ ਪੈਦਾ ਤੁਸਾਂ ਆਪ ਕੀਤਾ ਹੈ ਉਸ ਦਾ ਉਤਰ ਤੁਹਾਡੇ ਕੋਲ ਨਾ ਹੋਵੇ। ਜਦ ਤੁਸੀਂ ਆਪ ਇਹ ਵੀ ਕਹਿ ਰਹੇ ਹੋ-" ਇਸ ਸਬੰਧੀ ਸਾਰੇ ਵੇਰਵੇ ਇਤਿਹਾਸ ਵਿਚੋਂ ਮਿਲਦੇ ਹਨ " ਤਾਂ ਉਨ੍ਹਾਂ ਇਤਿਹਾਸਕ ਵੇਰਵਿਆਂ ਨੂੰ ਸਾਰਿਆਂ ਨਾਲ ਸਾਂਝਾ ਕਰ ਲੈਣ ਵਿਚ ਝਿਜਕ ਦਾ ਅਰਥ **ਕੀ** ? ਤੁਸੀਂ ਆਪ ਹੀ ਖੋਹਲ ਕੇ ਦਸ ਦਿਉ ਕਿ, ਦਮਦਮਾ ਸਾਹਿਬ ਦੀ ਉਹ ਸਰਦਾਰੀ ਜੋ ਬਾਕੀ ਸਾਰਿਆ ਤਖ਼ਤਾਂ ਤੇ ਬਣੀ ਹੋਈ ਸੀ, ਕਿਵੇਂ ਅਲੋਪ ਹੋ ਗਈ ?

ਉਹ ਕਿਹੜੀ ਖ਼ਾਸ ਮਰਯਾਦਾ ਹੈ ਜਿਹੜੀ ਕੇਵਲ ਇੱਕ ਕੇਂਦ੍ਰੀ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸੰਸਾਰ ਦੇ ਸਾਰੇ ਸਿੱਖ ਧਰਮ ਅਸਥਾਨਾ ਤੇ ਲਾਗੂ ਨਹੀਂ ਹੋ ਸਕਦੀ ਸੀ ? ਤਸੀਂ ਅੱਜ ਤੱਕ ਇਸ ਸ਼ੰਕੇ ਨੂੰ ਨਿਵਿਰਤ ਤਾਂ ਕਰ ਨਹੀਂ ਸਕੇ ਕਿ, ਇੱਕ ਤੋਂ ਵੱਧ ਤਖ਼ਤਾਂ ਦੀ ਗਿਣਤੀ ਵਧਾਉਣ ਦੇ ਸੁਪਨੇ ਕਦੋਂ ਅਤੇ ਕਿਸ ਕਾਰਨ ਆਉਣੇ ਸ਼ੁਰੂ ਹੋਏ ਸਨ? ਅਸਲ ਵਿਚ, ਆਪ ਜੀ ਦੇ ਉਪ੍ਰੋਕਤ ਬਚਨਾਂ ਤੋਂ ਇਉਂ ਸਪੱਸ਼ਟ ਹੋ ਰਿਹਾ ਹੈ, ਜਿਵੇਂ ਤੁਹਾਨੂੰ ਆਪਣੀ ਜਥੇਦਾਰੀ ਦੇ ਅਧਿਕਾਰ ਦੂਜਿਆਂ ਸਿੰਘ ਸਾਹਿਬਾਨ ਦੇ ਅਧਿਕਤਰਾਂ ਨਾਲੋਂ ਵੱਧ ਕਰਵਾ ਲੈਣ ਦੀ ਤ੍ਰਿਸ਼ਨਾ ਦੁਖੀ ਕਰ ਰਹੀ ਹੋਵੇ ?

**੩)** ਉਲਟੇ ਪਾਸੇ **(PTO)** ਆਪਣੇ ਭਾਸ਼ਨ ਤੇ (੩) ਨੰਬਰ ਨਿਸ਼ਾਨ ਵਿਚਲੀ ਉਸ " ਸਿਧਾਂਤਮਈ ਪਹੁੰਚ " -ਅਤੇ " ਪੰਥ ਦੀਆਂ ਅਮੀਰ ਪਰੰਪਰਾਂਵਾਂ " ਦੀ ਪੁਹ ਕਿਹੜੀ ਵਿਆਖਿਆ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਧਾਂਤ ਵਾਰ ਸਿਖਿਆ ਅਨੁਸਾਰ ਕੌਮੀ ਜੀਵਨ ਬਣਾਉਣ ਵਾਲੀ **ਪੰਥਕ ਘਾਟ** ਦਾ ਜ਼ਿਕਰ ਕਰਨ ਤੋਂ ਤੁਹਾਨੂੰ ਰੋਕ ਰਹੀ ਹੈ ? ਕੀ, ਤੁਸਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਸੱਚ ਤੋਂ ਸੰਸਾਰ ਨੂੰ ਜਾਣੂ ਕਰਵਾ ਲਿਆ ਹੈ ਜੋ, ਬ੍ਰਾਹਮਣੀ ਮਤਿ ਦੇ ਰਲਿਆਂ ਨਾਲ ਦੂਸ਼ਤ ਹੋ ਚੁਕੇ ਇਤਿਹਾਸਕ ਸੱਚ ਨੂੰ ਪ੍ਰਗਟ ਕਰਨ ਤੇ ਜ਼ੋਰ ਲਾ ਰਹੇ ਹੋ ? ਜਿਨ੍ਹਾਂ ਨੂੰ ਤੁਸੀ ਅਪਣੇ ਬਿਆਨਾਂ ਵਿਚ ਮੁੜ ਮੁੜ ਯਾਦ ਕਰ ਰਹੇ ਹੋ, ਕੌਮ ਦੀਆਂ ਉਹ ਕਹਿੜੀਆਂ ਸਸਥਾਵਾਂ ਹਨ ਜਿਹੜੀਆਂ ਪੰਥ ਵਿਚ ਬਿੱਪ੍ਰਨ ਕੀ ਰੀਤ ਵਾੜੀ ਜਾ ਕੇ ਇਸ ਦੀ ਰੂਪ ਰੇਖਾ ਨਹੀਂ ਵਿਗਾੜ ਰਹੀਆਂ ? ਕੀ, ਤੁਸੀਂ ਕਿਸੇ ਗੁਰਮਤਿ ਦਲੀਲ ਨਾਲ, ਕੌਮ ਦੀ ਸਿਰਮੌਰ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਦੋਸ਼ ਤੋਂ ਬਚਾ ਸਕਦੇ ਹੋ ਕਿ ਉਸ ਦੀ ਗੰਭੀਰ ਅਣਗਹਿਲੀ ਦੇ ਕਾਰਨ ਹੀ, ਸ੍ਰੀ ਹਰਿਮੰਦਰ ਸਾਹਿਬ ਤੋਂ ਅਰੰਭ ਹੋ ਕੇ, ਸੰਸਾਰ ਦੇ ਸਾਰੇ ਗੁਰਦੁਆਰਿਆਂ ਵਿਚ ਗੁਰਮਤਿ ਵਿਰੋਧੀ ਬਹਮਣੀ ਰੀਤਾਂ ਚਾਲੂ ਹੋਈਆਂ ਅਤੇ ਹਾਲਾਤ ਹੋਰ ਤੋਂ ਹੋਰ ਵਿਗੜਦੇ ਤੁਰੇ ਜਾ ਰਹੇ ਹਨ? ਇਸ ਵੱਡੀ ਕੌਮੀ ਬਦਕਿਸਮਤੀ ਵੱਲ ਤੁਹਾਡਾ ਧਿਆਨ ਕਿਸ ਕਾਰਨ ਨਹੀਂ ਜਾਂਦਾ?

## ੪) ਭਾਸ਼ਨ ਦਾ ਸਭ ਤੋਂ ਵੱਧ ਦੁਖਦਾਈ ਅਤੇ ਕੁਝ ਸੁਖਦਾਈ ਹਿੱਸਾ ?:--

ਪੰਜਾਬ ਸਰਕਾਰ ਦੇ ਸਿਰ ਤੇ ਵੀ ਕਰਜ਼ਾ ਹੈ ਅਤੇ ਸਰਕਾਰ ੩●● ਸਾਲਾ ਖ਼ਾਲਸਾ ਦਿਵਸ ਮੌਕੇ **ਗੁਰੂ ਕਾਂਸ਼ੀ** ਯੂਨੀਵਰਸਿਟੀ ਸਥਾਪਤ ਕਰ ਕੇ ਇਹ ਕਰਜ਼ਾ ਉਤਾਰ ਦੇਵੇ। ਉਨ੍ਹਾਂ ਕਿਹਾ ਕਿ, ਸ਼੍ਰੋਮਣੀ ਕਮੇਟੀ ਇਸ ਧਰਤੀ ਤੇ **ਗੁਰਮਤਿ ਗਿਆਨ ਯੂਨੀਵਰਸਿਟੀ** ਦੀ ਸਥਾਪਨਾ ਕਰਨ ਲਈ ਸਿੱਖ ਕੌਮ ਦਾ ਸਹਿਯੋਗ ਲਵੇ।

## (ੳ) ਗੰਭੀਰ ਰੋਸ-

ਅੰਮ੍ਰਿਤਸਰ ਵਿਖੇ " ਗੁਰੂ ਨਾਨਕ ਯੂਨੀਵਰਸਿਟੀ " ਬਣਨ ਲੱਗੀ ਤਾਂ, ਬ੍ਰਾਹਮਣ ਗੁਰੂ ਦਾ ਚੇਲਾ, ਲਗ-ਪਗ ਸਾਰਾ ਹਿੰਦੂ ਸਮਾਜ, ਇਹ ਜ਼ਿਦ ਫੜ ਬੈਠਾ ਸੀ ਕਿ " ਨਾਨਕ " ਦੇ ਅੱਗੇ " ਦੇਵ " ਪਦ ਜ਼ਰੂਰੀ ਲਾਇਆ ਜਾਵੇ। ਸਿੱਖੀ ਦਾ ਵੈਰੀ ਬਿੱਪਰ ੧੫ਵੀ ਸਦੀ ਤੋਂ ਹੀ ਗੁਰੂ ਨਾਨਕ ਸਾਹਿਬ ਦੀ ਸਿੱਖੀ ਨੂੰ ਆਖ਼ਰ ਹਿੰਦੂ ਮਹਾਂਸਾਗਰ ਵਿਚ ਪੂਰੀ ਤਰ੍ਹਾਂ ਗ਼ਰਕ ਕਰ ਲੈਣ ਲਈ ਬੇਚੈਨ ਹੋ ਰਿਹਾ ਹੈ। ਆਪਣੇ ਇਸ **Ultimate gole** ਤੇ ਪੁੱਜਣ ਲਈ ਉਹ ਸਿੱਖ ਇਤਿਹਾਸ ਨੂੰ ਅਤੇ ਖ਼ਾਲਸਈ ਪਰੰਪਰਾਵਾਂ ਨੂੰ ਦੂਸ਼ਤ ਕਰੀ ਰੱਖਣ ਦੇ ਛੋਟੇ ਤੋ ਛੋਟੇ ਅਵਸਰ ਤੋਂ ਪੂਰਾ ਪੂਰਾ ਲਾਭ ਪ੍ਰਾਪਤ ਕਰ ਲੈਣ ਵਿਚ ਸਦਾ ਤਤਪਰ ਰਿਹਾ ਹੈ। ਜਦੋਂ ਕਦੇ ਇਸ ਯੂਨੀਵਰਿਸਟੀ ਨੂੰ ਗੁਰਮਤਿ ਦੇ ਥਾਂ ਪੂਰਨ ਤੌਰ ਤੇ ਵੇਦਕ ਸਿਖਿਆ ਦੇ ਕੇਂਦਰ ਦੇ ਰੂਪ ਵਿਚ ਬਦਲ ਲੈਣ ਦਾ ਮਨ

ਬਣਿਆਂ ਤਾਂ " ਨਾਨਕ " ਦੇ ਅੱਗੇ " ਦੇਵ " ਦੀ ਅਣਹੋਂਦ ਕਿਤੇ ਵਿਘਨ ਨਾ ਬਣ ਖਲੋਏ ? ਕਈਆਂ ਸਿੱਖਾਂ ਦਾ " ਨਾਨਕ ਸਿੰਘ " ਨਾਮ, ਬ੍ਰਾਹਮਣ ਲਈ ਉਦਾਹਰਣ ਬਣ ਰਿਹਾ ਸੀ ਕਿ। " ਨਾਨਕ " ਪਦ ਦੇ ਅੱਗੇ ਸਿੰਘ ਪਦ ਵੀ ਲੱਗ ਸਕਦਾ ਹੈ। ਇਸ ਲਈ ਇਸ ਅਦਾਰੇ ਤੇ ਹਿੰਦੂ ਧਰਮ ਦੇ ਪ੍ਰਭਾਵ ਵਾਲੀ ਡੰਗੋਰੀ ਹੁਣੇ ਹੀ ਰੱਖ ਲਈ ਜਾਵੇ। ਹਿੰਦੂਆਂ ਦੀ ਸਿਆਸੀ ਅਤੇ ਧਾਰਮਿਕ ਸ਼ਕਤੀ ਰੌਲਾ ਪਾਉਣ ਲੱਗ ਪਈ। ਹਿੰਦੂ ਅਖ਼ਬਾਰਾਂ ਨਿਤ ਨਵੇਂ ਰੂਪ ਵਿਚ " ਗੁਰੂ ਨਾਨਕ ਸਾਹਿਬ ਜੀ ਨੂੰ ਲੋਕਾਂ ਦੇ ਸਾਹਮਣੇ ਪੇਸ਼ ਕਰਨ ਲੱਗ ਪਈਆਂ। ਹਿੰਦੂ ਲੀਡਰ ਦਲੀਲਾਂ ਦੇ ਰਹੇ ਸਨ ਕਿ ਜਦ " ਦੇਵ " ਪਦ ਗੁਰਬਾਣੀ ਵਿਚ ਵੀ ਕਈ ਵਾਰੀ ਆਇਆ ਹੈ, ਤਾਂ ਏਥੇ ਨਾਨਕ ਦੇ ਅੱਗੇ " ਦੇਵ " ਕਿਉਂ ਨਾ ਲੱਗੇ ? ਕੌਣ ਪੁੱਛੇ ਕਿ, ਭਲਿਉ ਲੋਕੋ ! ਕਿਸੇ ਥਾਂ ਤੇ ਸਿੱਖ ਨੂੰ ਸੁਤੰਤਰਤਾ ਦਾ ਅਨੁਭਵ ਹੋ ਲੈਣ ਦਿਉ। ਕਾਫ਼ੀ ਰੌਲੇ ਗੌਲੇ ਉਪ੍ਰੰਤ, ਅੱਡਰੇ ਰਾਜ ਦੇ ਸੁਪਨੇ ਲੈ ਰਹੇ ਖ਼ਾਲਸਾ ਜੀ ਨੇ ਹਿੰਦੂਆਂ ਦੀ ਇਸ ਕੁਟਲ ਮੰਗ ਦੇ ਸਾਹਮਣੇ ਕੇਵਲ ਗੋਡੇ ਹੀ ਨਹੀਂ ਟੇਕੇ, ਸਗੋਂ ਧਰਤੀ ਤੇ ਅਸ਼ਟਾਂਗ ਲੰਮੇ ਪੈ ਗਏ।

ਗੁਰੂ ਗ੍ਰੰਥ ਸਾਹਿਬ ਜੀ ਦੀ ਘੱਟੋ ਘੱਟ ੯● ਪ੍ਰਤੀਸ਼ਤ ਬਾਣੀ ਜਿਸ (ਗਿਆਨ) ਦੀ ਵਿਰੋਧਤਾ ਕਰ ਰਹੀ ਹੈ, **ਕਾਂਸ਼ੀ** ਉਨ੍ਹਾਂ ਵੇਦਾਂ ਦੀ ਅਤੇ ਸਿਮ੍ਰਿਤਿ ਸ਼ਾਸ਼ਤਰਾਂ ਦੀ ਤਾਲੀਮ ਦਾ ਅਥਵਾ, ਗੁਰਮਤਿ ਵਿਰੋਧੀ ਬ੍ਰਾਹਮਣੀ ਸਿਖਿਆ ਦਾ, ਵਡਾ ਕੇਂਦਰ ਹੈ। **ਦਮਦਮਾਂ ਸਾਹਿਬ ਨੂੰ ਗੁਰੂ ਕੀ ਕਾਂਸ਼ੀ ਕਹਿਣ ਦਾ ਰਿਵਾਜ, ਨਿਰਸੰਦੇਹ, ਬ੍ਰਾਹਮਣੀ ਕੁਟਲਤਾ ਦੀ ਦੇਣ ਹੈ।**" ਦਸ਼ਮੇਸ਼ ਜੀ ਨੇ ਪੰਜ ਸਿੰਘ ਪੜ੍ਹਨ ਲਈ ਕਾਂਸ਼ੀ ਭੇਜੇ ਸਨ "-ਇਤਿਹਾਸ ਵਿਚ ਗੁਰਮਤਿ ਵਿਰੋਧੀ ਇਹ ਰਲਾ ਪਾਉਣਾ ਵੀ, ਬ੍ਰਾਹਮਣੀ ਚਤੁਰਾਈਆਂ ਦਾ ਹੀ ਕਮਾਲ ਹੈ। **ਉਹੀ ਬ੍ਰਾਹਮਣੀ ਜਾਦੂ ਅੱਜ ਤੁਹਾਡੇ ਸਿਰ ਚੜ ਕੇ ਬੋਲ ਰਿਹਾ ਹੈ।** ਸ੍ਰੀ ਦਮਦਮਾ ਸਾਹਿਬ ਨੂੰ **ਗੁਰੂ ਕੀ ਕਾਂਸ਼ੀ** ਆਖਣਾ ਗੁਰਮਤਿ ਦੀ ਪਿੱਠ ਵਿਚ ਜ਼ਹਿਰ ਲਿੱਬੜਿਆ ਛੁਰਾ ਧਸਾਈ ਜਾ ਰਹੇ, " ਡੇਰਾਵਾਦੀ-ਸੰਪ੍ਰਦਾਈਏ **ਬ੍ਰਾਹਮਣੀ ਦਲਾਲਾਂ** " ਦੀ ਕਰਤੂਤ ਹੀ ਮੰਨੀ ਜਾ ਸਕਦੀ ਹੈ। ਤੁਹਾਡੇ ਜਿਹਾ ਗੁਰਮਤਿ ਦਾ ਵਿਦਵਾਨ, ਬ੍ਰਾਹਮਣੀ ਬੋਲੀ ਬੋਲੇ, ਇਸ ਤੋਂ ਵਡੀ ਪੰਥਕ-ਬਦਕਿਸਮਤੀ ਹੋਰ ਕੀ ਹੋ ਸਕਦੀ ਹੈ।

**ਕਾਂਸ਼ੀ-ਮਤਿ** ਦੀ ਉਪਜ ਹਿੰਦੂਆਂ ਦੇ ਗ੍ਰੰਥਾਂ ਬਾਰੇ ਗੁਰਬਾਣੀ ਦੇ ਫ਼ੁਰਮਾਨ ਤੁਹਾਥੋਂ ਭੁੱਲੇ ਹੋਏ ਨਹੀਂ ਹਨ। ਪਰ ਕਿਉਂਕਿ ਤੁਸਾਂ ਵੀ ਸ਼ਾਇਦ ਦਾਸ ਦੇ ਪੱਤਰ ਪ੍ਰਤੀ ਕੋਈ ਹੁੰਗਾਰਾ ਭਰਨਾ, ਆਪਣੀ ਹੇਠੀ ਮੰਨ ਲਈ ਹੋਈ ਹੈ, ਇਸ ਦੁਖਾਂਤ ਦੇ ਕਾਰਨ ਅਜੋਕੀ ਪੰਥਕ-ਜਥੇਦਾਰੀ ਦੀ ਸੇਵਾ ਵਿਚ ਲਿਖੇ ਜਾ ਰਹੇ ਸਾਰੇ ਪੱਤਰ, ਆਉਣ ਵਾਲੀਆਂ ਪੀੜ੍ਹੀਆਂ ਦੀ ਜਾਣਕਾਰੀ ਲਈ ਪੁਸਤਕ ਦੇ ਰੂਪ ਵਿਚ ਆਮ ਲੋਕਾਂ ਗੋਚਰੇ ਕੀਤੇ ਜਾਣੇ ਹੀ, ਕੇਵਲ-ਮਾਤਰ ਚਾਰਾ ਹੈ। ਭਾਂਵੇ ਤੁਹਾਨੂੰ ਇਨ੍ਹਾਂ ਗੁਰੂ ਸ਼ਦਬਾਂ ਦੀ ਕੋਈ ਲੋੜ ਨਹੀਂ ਹੈ, ਖਿਮਾਂ ਕਰਨਾ ਜੀ, ਫਿਰ ਵੀ ਹਿੰਦੂਆਂ ਦੇ ਗ੍ਰੰਥਾਂ ਪ੍ਰਤੀ, ਅਤੇ ਕੰਸ਼ੀ ਅਥਵਾ ਬਨਾਰਸ ਪ੍ਰਤੀ, ਗੁਰੂ ਸ਼ਬਦ ਲਿਖਣ ਦੀ ਗੁਸਤਾਖ਼ੀ ਕਰ ਰਿਹਾਂ ਹਾਂ -੧- **ਤ੍ਰੈਗੁਣ ਬਾਣੀ ਬੇਦ ਬੀਚਾਰੁ ॥ ਬਿਖਿਆ ਮੈਲੁ ਬਿਖਿਆ ਵਾਪਾਰੁ** ॥{੧੨੬੨}-੨- **ਬੇਦ ਬਾਣੀ ਜਗੁ ਵਰਤਦਾ ਤ੍ਰੈ ਗੁਣ ਕਰੇ ਬੀਚਾਰੁ** ॥{੧੨੭੬}੩- **ਵੇਦੁ ਪੁਕਾਰੈ ਤ੍ਰਿਬਿਧਿ ਮਾਇਆ ॥ ਮਨਮੁਖ ਨ ਬੂਝਹਿ ਦੂਜੈ ਭਾਇਆ** ॥{੧੨੮} ੪- **ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ॥ ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ** ॥{੯੨●} ਕਿੱਡੇ ਜ਼ੋਰਦਾਰ ਸ਼ਬਦਾਂ ਵਿਚ ਸਤਿਗੁਰੂ ਜੀ ਫ਼ੁਰਮਾ ਰਹੇ ਹਨ ਕਿ, ਸਿਮ੍ਰਿਤੀਆਂ, ਸ਼ਾਸਤ੍ਰਾਂ ਦੀ ਵਿਚਾਰ ਵਿਚ ਫਸਿਆ ਮਨੁੱਖ, ਸੰਸਾਰ ਦੇ ਮੂਲ-ਤੱਤ, **ਪ੍ਰਭੂ** ਦੀ ਪਛਾਣ ਕਰਨ ਦੀ ਲੋੜ ਮੁਕਾ ਬੈਠਦਾ ਹੈ। ਸਤਿਗੁਰੂ (ਗ੍ਰੰਥ ਸਾਹਿਬ) ਜੀ ਤੋਂ ਬਿਨਾਂ ਪ੍ਰਭੂ-ਚਰਨਾਂ ਵਿਚ ਹੋਰ ਕੌਣ ਜੋੜੇ ? ਸਾਡਾ ਇਸ਼ਟ, ਸਾਡਾ ਗੁਰੂ ਪਰਮੇਸ਼ਰ, ਜੋ ਮਰਜ਼ੀ ਹੈ ਆਖੀ ਜਾਵੇ, ਪਰ ਸਾਡੀ ਅਜੋਕੀ ਜਥੇਦਾਰੀ ਤਾਂ ਸਾਨੂੰ ਏਹੀ ਸਮਝਾ ਰਹੀ ਹੈ ਕਿ, ਸਿੱਖੀ ਸਿਧਾਂਤ ਸਿਖਾਉਣ ਆਏ ਸਤਿਗੁਰੂ ਜੀ, ਜੇ ਬ੍ਰਹਮ ਗਿਆਨ ਜਾਣਦੇ ਹੁੰਦੇ, ਤਾਂ ਉਹ ਅਪਣੇ ਸਿੰਘਾਂ ਨੂੰ ਭੇਸ ਵਟਾ ਕੇ, ਚੋਰਾਂ ਵਾਂਗ **ਕਾਂਸ਼ੀ** ਪੜ੍ਹਨ ਕਿਉਂ ਭੇਜਦੇ ? ਹੇ, ਅਪਣੀ ਚੌਧਰ ਦਾ ਦਾਇਰਾ ਵੱਧ ਤੋਂ ਵੱਧ ਮੋਕਲਾ ਕਰ ਲੈਣ ਦੀ ਚਿੰਤਾ ਵਿਚ **(PTO)*** ਮੂਲ-ਧੁਰੇ ਤੋਂ ਹਿੱਲਿਆਂ ਵਾਂਗ ਬੋਲ ਰਹੇ, ਸਨਮਾਨ-ਜੋਗ ਜਥੇਦਾਰ ਸਾਹਿਬ ਜੀਓ ! ਕੀ ਉਪ੍ਰਕਤ ਵਰਣਗੀ ਵਾਲੇ ਏਸੇ ਹੀ ਦੂਸ਼ਤ ਇਤਿਹਾਸ ਦਾ ਹਵਾਲਾ ਦੇ ਰਹੇ ਹੋ ? ਹੋਰ ਸੁਣੋ **ਕਾਂਸੀ ਮਤਿ** ਵਾਲਿਆਂ ਦਾ ਹਾਲ:--

੫- **ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜੈ ਜੁਗ ਚਾਰਿ ॥ ਤ੍ਰੈਗੁਣ ਮਾਇਆ ਮੂਲੁ ਹੈ ਵਿਚਿ ਹਉਮੈ ਨਾਮੁ ਵਿਸਾਰਿ ॥**
**ਪੰਦਿਤ ਭੂਲੇ ਦੂਜੈ ਲਾਗੈ ਮਾਇਆ ਕੈ ਵਾਪਾਰਿ ॥ ਅੰਤਰਿ ਤ੍ਰਿਸਨਾ ਭੁਖ ਹੈ, ਮੂਰਖ ਭੁਖਿਆ ਮੁਏ ਗਵਾਰ॥**
**ਸਤਿਗੁਰਿ ਸੇਵਿਐ ਸੁਖੁ ਪਾਈਐ ਸਚਓ ਸਬਦਿ ਵੀਚਾਰਿ ॥ ਅੰਦਰਹੁ ਤ੍ਰਿਸਨਾ ਭੁਖ ਗਈ ਸਚੈ ਨਾਇ ਪਿਆਰਿ**
**॥ ਨਾਨਕ ਨਾਮਿ ਰਤੇ ਸਹਜੇ ਰਜੇ ਜਿਨਾ ਹਰਿ ਰਖਿਆ ਉਰਿ ਧਾਰਿ ॥ ੧ ॥** {੬੪੭}

੬- **ਕਬੀਰ ਮਾਇ ਮੂੰਡਉ ਤਿਹ ਗੁਰੂ ਕੀ, ਜਾ ਤੇ ਭਰਮੁ ਨ ਜਾਇ ॥**
**ਆਪ ਡੁਬੇ ਚਹੁ ਬੇਦ ਮਹਿ, ਚੇਲੇ ਦੀਏ ਬਹਾਏ ॥ ੧●੪ ॥** {੧੩੬੯}

ਭਰਮ ਪਾਉਣ ਵਾਲੇ ਪੰਡਿਤਾਂ ਦੀ ਮਾਂ ਦਾ ਸਿਰ ਮੁੰਨਣ ਦੀ ਗੱਲ ਕਰਨ ਵਾਲੇ ਹੇ ਕਬੀਰ ਸਾਹਿਬ ਜੀਓ ! ਏਧਰ ਖ਼ਾਲਸਾ ਜੀ ਤਾਂ ਇਹ ਕਹਿ ਰਹੇ ਹਨ ਕਿ ਦਸ਼ਮੇਸ਼ ਜੀ ਨੇ ਬ੍ਰਾਹਮਣ ਗੁਰੂ ਤੋਂ ਵਿਦਿਆ ਸਿੱਖਣ ਲਈ ਭੇਜਣ ਤੋਂ ਪਹਿਲਾਂ, ਆਪਣੇ ਸਿੰਘਾਂ ਨੂੰ ਸਿਰ ਮੁੰਨ ਲੈਣ ਦੀ ਖੁਲ੍ਹ ਦੇ ਦਿੱਤੀ ਸੀ। (" **ਲੋੜ ਅਨੁਸਾਰ ਭੇਸ ਵਟਾ ਲੈਣਾ " ਕਹਿਣ ਤੋਂ ਸਿਰ ਮੁਨਾ ਲੈਣ ਦੀ ਰੋਕ ਕਿੱਥੇ ਲੁਕੀ ਰਹਿ ਗਈ ਸੀ?)** ? ਵਾਹ. ਖ਼ਾਲਸਾ ਜੀ ਵਾਹ, **ਜੋ ਬਾਤ ਕੀ, ਖ਼ੁਦਾ ਕੀ ਕਸਮ. ਲਾ-ਜਵਾਬ ਕੀ ।**

ਤੁਸੀਂ ਜਾਣਦੇ ਹੀ ਹੋ ਕਿ, ਗੁਰਬਣੀ ਵਿਚ ਵੇਦ ਬਾਣੀ ਵਿਰੁੱਧ ਹੋਰ ਵੀ ਕਈ ਗੁਰੂ ਸ਼ਬਦ ਹਨ। **ਦੋ** ਗੁਰੂ ਫ਼ੁਰਮਾਨ ਉਸ ਕਾਂਸ਼ੀ ਬਾਰੇ ਵੀ ਪੜ੍ਹ ਲਉ, ਜਿਸ ਦਾ ਨਾਮ ਤੁਸੀ ਦਮਦਮਾ ਸਾਹਿਬ ਨਾਲ ਜੋੜ ਕੇ ਦਸ਼ਮੇਸ਼ ਜੀ ਨੂੰ ਅਸਿੱਧੇ ਤੌਰ ਤੇ, ਬ੍ਰਾਹਮਣ ਦਾ ਹੀ ਚੇਲਾ ਬਣਾ ਰਹੇ ਹੋ:--

੭- **ਨਾ ਕਾਸੀ ਮਤਿ ਉਪਜੈ ਨਾ ਕਾਸੀ ਮਤਿ ਜਤਇ ॥ ਸਤਿਗੁਰ ਮਿਲਿਐ ਮਤਿ ਉਪਜੈ**
**ਤਾ ਇਹ ਸੋਝੀ ਪਤਇ ॥ ੧ ॥ ਹਰਿ ਕਥਾ ਨੂੰ ਸੁਣਿ ਰੇ ਮਨ ਸਬਦੁ ਮੰਨਿ ਵਸਾਇ ॥**
**ਇਹ ਮਤਿ ਤੇਰੀ ਥਿਰੁ ਰਹੈ ਤਾਂ ਭਰਮੁ ਵਿਚਹੁ ਜਤਇ ॥ ੧ ॥ਰਹਤਓ ॥** {੪੯੧}-੬-੮

੮- **ਜਿਉ, ਜਲ ਛੋਡਿ ਬਾਹਰਿ ਭਇਓ ਮੀਨਾ ॥ ਪੂਰਬ ਜਨਮ ਹਉ ਤਪ ਕਾ ਹੀਨਾ ॥ ੧ ॥**

**ਅਬ ਕਹੁ ਰਾਮ, ਕਵਨ ਗਤਿ ਮੋਰੀ ॥ ਤਜੀਲੇ ਬਨਾਰਸਿ, ਮਤਿ ਭਈ ਥੋਰੀ ॥ ੧ ॥ ਰਹਾਉ ॥**
**ਸਗਲ ਜਨਮੁ ਸਿਵਪੁਰੀ ਗਵਾਇਆ ॥ ਮਰਤੀ ਬਤਰ, ਮਗਹਰਿ ਉਠਿ ਅਇਆ ॥ ੨ ॥**
**ਬਹੁਤੁ ਬਰਸ ਤਪੁ ਕੀਆ ਕਾਸੀ ॥ ਮਰਨੁ ਭਇਆ ਮਗਹਰ ਕੀ ਬਾਸੀ ॥ ੩ ॥**
**ਕਾਸੀ ਮਗਹਰ ਸਮ ਬੀਚਾਰੀ ॥ ਓਛੀ ਭਗਤਿ ਕੈਸੇ ਉਤਰਸਿ ਪਾਰੀ ॥ ੪ ॥**
**ਕਹੁ ਗੁਰ ਗਜਿ ਸਿਵ ਸਭੁ ਕੋ ਜਾਨੈ । ਮੁਆ ਕਬੀਰੁ ਰਮਤ ਸ੍ਰੀ ਰਾਮੈ ॥ ੫ ॥** {੩੨੬}-੧੫

(ਅ) **ਆਪ ਜੀ ਦੇ ਬਿਆਨ ਦਾ ਇਹ ਹਿੱਸਾ-** "ਸ਼੍ਰੋਮਣੀ ਕਮੇਟੀ ਇਸ ਧਰਤੀ ਤੇ **ਗੁਰਮਤਿ ਗਿਆਨ ਯੂਨੀਵਰਸਿਟੀ** ਦੀ ਸਥਾਪਨਾ ਕਰਨ ਲਈ ਸਿੱਖ ਕੌਮ ਦਾ ਸਹਿਯੋਗ ਲਵੇ।--**ਬਹੁਤਾ ਸੁਖਾਵਾਂ ਜ਼ਰੂਰ ਬਣਦਾ ਜੇ ਨਾਲ ਹੀ ਤੁਸੀ ਪੰਜਾਬ ਸਰਕਾਰ ਕੋਲੋਂ-** " ੩●● ਸਾਲਾ ਖ਼ਾਲਸਾ ਦਿਵਸ ਮੌਕੇ " **ਗੁਰੂ ਕਾਂਸ਼ੀ** ਯੂਨੀਵਰਸਿਟੀ " ਸਥਾਪਤ ਕਰ ਕੇ ਕਰਜ਼ਾ ਉਤਾਰਨ ਦੀ ਗੱਲ ਨਾ ਕੀਤੀ ਹੁੰਦੀ। ਦਾਸ ਦੇ ਮਨ ਵਿਚ ਆਪ ਜੀ ਬਾਰੇ ਬੜੀ ਹੀ ਮਨਮੋਹਣਾ ਤਸੱਵਰ ਬਣਿਆਂ ਹੋਇਆ ਸੀ, ਪਰ ਤੁਸੀਂ ਤਾਂ ਵਲਦਾਰ ਗੱਲਾਂ ਕਰਨ ਵਿਚ, ਬਿੱਪ੍ਰ ਜੀ ਦੇ ਵੀ ਕੰਨ ਕੁਤਰਦੇ ਹੋ।

੫) ਆਪ ਜੀ ਦੇ ਭਾਸ਼ਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੀ ਹੋ ਰਹੀ ਬੇਕਦਰੀ ਅਤੇ ਬੇਹੁਰਮਤੀ ਦੀ ਜ਼ਰਾ ਵੀ ਚਿੰਤਾ ਦਾ ਪ੍ਰਗਟਾਵਾ ਨਜ਼ਰ ਨਾ ਆਉਣ ਤੋਂ ਸਿੱਧ ਹੁੰਦਾ ਹੈ ਕਿ, ਤੁਹਾਡੇ ਲਈ ਪੰਥ ਦੀ ਭਲਾਈ ਤੁਹਾਡੀ ਜਥੇਦਾਰੀ ਦਾ ਅਧਿਕਾਰ-ਖੇਤਰ ਵਧ ਜਾਣ ਵਿਚ ਹੀ ਲੁਕੀ ਹੋਈ ਹੈ। ਪੰਥ ਵਿਚ ਬ੍ਰਾਹਮਣੀ ਰੀਤਾਂ ਵਾੜੀ ਜਾਨ ਲਈ ਬੜੀ ਲੱਕ-ਤੋੜਵੀਂ ਅੰਧੇਰਗਰਦੀ ਮਚੀ ਹੋਈ ਹੈ। ਡੇਰੇਦਾਰ ਸੰਤ ਮਹਾਂਪੁਰਖ ਬੜੇ ਨਿਝੱਕ ਹੋ ਕੇ ਗੁਰੂ ਬਾਣੀ ਦੀ ਬੇਅਦਬੀ ਕਰਨੀ, ਆਪਣਾ ਹੱਕ ਬਣਾ ਬੈਠੇ ਹੋਏ ਹਨ। ਨਾਨਕ-ਸਰੀਆਂ ਨੂੰ ੨੪ ਜਾਮੇ ਗੁਰੂ ਨਾਨਕ ਸਾਹਿਬ ਦੀ ਜੋਤ ਦੀ ਮਾਲਕੀ ਦਾ ਪਟਾ ਅਥਵਾ ਪਰਮਾਣ-ਪੱਤਰ, ਤੁਸਾਂ (ਪੰਜ ਸਿੰਘ ਸਾਹਿਬਾਨ ਨੇ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੋਹਰ ਹੇਠ) ਦੇ ਬਖ਼ਸ਼ਸ਼ ਕਰ ਦਿੱਤਾ ਹੋਇਆ ਹੈ। {ਤਸੱਲੀ ਲਈ ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਜੀ ਦੀ ਸੇਵਾ ਵਿਚ ਭੇਜੇ ਬੇਨਤੀ ਪੱਤਰ ਦਾ **(4)** ਨੰਬਰ ਪੈਰਾ ਅਤੇ ਉਸਦੇ ਉਲਟੇ ਪਾਸੇ ਤੁਹਾਡੇ ਹਸਤ-ਅੱਖਰਾਂ ਵਾਲਾ ਪਾਵਨ ਹੁਕਮਨਾਮਾ ਧਿਅਨ ਨਾਲ ਪੜ੍ਹਨ ਦੀ ਖੇਚਲ ਝੱਲ ਲੈਣੀ। ਜੇ ਜ਼ਮੀਰ ਪੂਰੀ ਤਰ੍ਹਾਂ ਮਰਨ ਤੋ ਬਚਿਆ ਰਹਿ ਕੇ ਭਾਂਵੇ ਸਹਿਕਦਾ ਹੀ ਹੋਇਆ ਤਾਂ ਤੁਹਾਡੇ ਕੰਨਾਂ ਵਿਚ- ਬਾਬਾ ਫਰੀਦ ਸਾਹਿਬ ਦੀ ਜ਼ਬਾਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੁਕਮ-**ਫਰੀਦਾ ਜੇ ਤੂ ਅਕਲਿ ਲਤੀਫੁ, ਕਾਲੇ ਲਿਖ ਨ ਲੇਖ ॥ ਆਪਨੜੇ ਗਿਰੀਵਾਨ ਮਹਿ, ਸਿਰੁ ਨੀਂਵਾ ਕਰਿ ਦੁਖੁ ॥ ੬ ॥**{੧੩੭੮} ਜ਼ਰੂਰ ਗੁੰਜਾਰਾਂ ਪਾਉਣ ਲੱਗ ਪਏਗਾ। ਫਿਰ ਸਮਾਂ ਕੱਢ ਕੇ ਆਪਣੇ ਅੰਦਰ ਲੱਗੇ ਵਿਧਾਤਾ ਦੇ ਦਰਬਾਰ ਵਿਚ (" **ਅੰਦਰਿ ਰਾਜਾ ਤਖਤੁ ਹੈ** " )--ਹਾਜ਼ਰ ਹੋ ਕੇ ਨਿਰਣਾ ਕਰਨਾ ਕਿ-" ਕੀ ਤੁਸੀਂ (ਪੰਜੇ ਹੀ) ਮੌਜੂਦਾ ਪਦਵੀ ਲਈ ਕਿਤੇ ਕਲੰਕ ਤਾਂ ਨਹੀਂ ਬਣੇ ਹੋਏ ਜੀ ?

ਝੋਲੀ-ਚੁੱਕਾਂ ਦੇ ਘੇਰੇ ਵਿਚ ਰਹਿੰਣਿ ਗਿਝੇ ਲਈ ਸੱਚ ਸੁਣਨਾ ਲਗ-ਪਗ ਅਸੰਭਵ ਬਣਿਆਂ ਹੁੰਦਾ ਹੈ। ਅਜੇਹੇ ਭੱਦਰ ਪੁਰਸ਼ ਕਈ ਵਾਰੀ ਸੱਚ ਦਾ ਦਰਸ਼ਨ ਕਰਾਉਣ ਵਾਲੇ ਸੁਹਿਰਦ ਮਨੁੱਖ ਦੇ ਵੈਰੀ ਬਣ ਖਲੋਂਦੇ ਹਨ। ਉਂਜ ਝੋਲੀ ਚੁੱਕ ਖ਼ੁਸ਼ਾਮਦੀ ਹੀ, ਮਨੁੱਖ ਦਾ ਵੈਰੀ ਹੋਇਆ ਕਰਦੇ ਹਨ। ਸੱਚ ਦੀ ਸੋਝੀ ਕਰਾਉਣ ਵਾਲਾ ਤਾਂ ਸਗੋਂ ਸੱਜਣ ਹੁੰਦਾ ਆਇਆ ਹੈ। ਦਾਸ ਨੇ ਸੁਹਿਰਦਾ ਨਾਲ ਗੁਰਮਤਿ ਦਏ ਅਨਕੂਲ ਸਚਾਈ ਲਿਖੀ ਹੈ, ਫਿਰ ਵੀ ਅਭੁੱਲ ਕੇਵਲ ਉਹ ਆਪ ਹੀ ਆਪ ਹੈ--" **ਭੁਲਣਿ ਵਿਚਿ ਕੀਆ ਸਭੁ ਕੋਈ, ਕਰਤਾ ਅਪਿ ਨ ਭੁਲੈ ।।**" ਜੇ ਭੁੱਲਾਂ ਦੀ ਸੁਧਾਈ ਵਾਲਾ ਸੋਧ ਪੱਤਰ ਭੇਜਣਾ ਆਪ ਜੀ ਦੇ ਅਧਿਕਾਰ ਖੇਤਰ ਵਿਚ ਨਹੀਂ ਹੈ ਤਾਂ, ਇਸ ਗ਼ਰੀਬੜੇ ਦੀਆਂ ਭੁੱਲਾਂ ਖਿਮਾਂ ਕਰ ਦੇਣੀਆਂ ਜੀ...

ਅੰਦਰੋਂ ਬਾਹਰੋਂ ਇਕ ਰੰਗ, ਸਚ-ਮੁਚ ਹੀ ਗੁਰਮਤਿ ਅਨੁਸਾਰ ਜੀਵਨ ਜੀਊਂ ਰਹੇ ਗੁਰਮੁਖਾਂ ਦੇ ਚਰਨਾਂ ਦੀ ਧੂੜ--

ਨਦੀ ਕਿਨਾਰੇ ਰੁੱਖੜਾ, ਇਹ ਦਾਸਰਾ

ਗੁਰਬਖ਼ਸ਼ ਸਿੰਘ

**ਨਾਲ ਨੱਥੀ-**

(੧) " **ਮੈ ਬਧੀ ਸਚੁ ਧਰਮ ਸਾਲ ਹੈ" ਲੇਖ ੧● ਵਰਕੇ।**

(੨) ਪ੍ਰੋ: ਮਨਜੀਤ ਸਿੰਥ ਜੀ ਨੂੰ ਲਿਖੀ ਚਿੱਠੀ ਦਾ ਉਤਾਰਾ ੨੧ ਸਫ਼ੇ ਤੋਂ ੨੨ ਸਫ਼ੇ ਤੱਕ. ਜੋ ਤੁਹਾਡੀਆਂ ਦੋਹਾਂ ਸਿੰਘ ਸਾਹਿਬਾਨ ਦੀਆਂ ਅਖ਼ਬਾਰੀ ਤਸਵੀਰਾਂ ਦੇ ਉਲਟੇ ਪਾਸੇ ਹਨ ਜਿਨ੍ਹਥ ਵਿਚੋਂ ਅੰਤਲਾ ੨੨ਵਾਂ ਸਫ਼ਾ --

**ੴ ਸਤਿਗੁਰ ਪ੍ਰਸਾਦਿ ॥**

**ਜੋ ਨ ਢਹੰਦੋ ਮੂਲਿ ਸੋ ਘਰੁ ਰਾਸੁ ਕਰਿ ॥ ਹਿਕੋ ਚਿਤਿ ਵਸਾਇ ਕਦੇ ਨ ਜਾਇ ਮਰਿ ॥ ੩ ॥**

ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ, **Sep: 9 1999**

ਵਾਹਿਗੁਰੂ ਜੀ ਕਾ ਖ਼ਾਲਸਾ । ਵਾਹਿਗੁਰੂ ਜੀ ਕੀ ਫ਼ਤਹਿ ॥

ਦਾਸ ਦੇ ਮਾਤਾ ਜੀ ਦੀ ਅਪਾਰ ਸੇਵਾ-ਘਾਲਣਾ ਦਾ ਅਤੇ ਸਤਿਗੁਰੂ ਨਾਨਕ ਸਾਹਿਬ ਜੀ ਦੀ ਉਚੇਚੀ ਮਿਹਰ ਦਾ ਸਦਕਾ ਦਾਸ ਦੇ ਹਿਰਦੇ ਵਿਚ, ਬਚਪਨ ਤੋਂ ਪੰਥਕ ਦਰਦ ਪੈਦਾ ਹੋ ਗਿਆ। ੧੯੮੩ ਦੇ ਮਈ ਮਹੀਨੇ ਤੋਂ ੩੧ ਦਸੰਬਰ ਤਕ ਦਾਸ ਬਾਬਾ ਜਰਨੈਲ ਸਿੰਘ ਜੀ ਦੇ ਕੋਲ ਟਿਕਿਆ ਰਿਹਾ ਸੀ। ਘਰੋਗੀ ਮਸਲਿਆਂ ਦੇ ਕਾਰਨ ਜਨਵਰੀ ੧੯੮੪ ਤੋਂ ਵਿਦੇਸ਼ ਆਉਣਾ ਪਿਆ। ਜੂਨ ੧੯੮੪ ਵਿਚ ਭਿਆਨਕ ਘੱਲੂਘਾਰਾ ਵਰਤਣਾ ਅਰੰਭ ਹੋ ਗਿਆ, ਅਤੇ ਦਾਸ ਮੁੜ ਭਾਰਤ ਨਾ ਪਰਤ ਸਕਿਆ। ਸੋ ਗੁਰੂ ਪੰਥ ਦਾ ਪਰਬੰਧਕੀ ਢਾਂਚਾ ਕਿਸ ਪ੍ਰਕਾਰ ਦਾ ਮੋੜ ਖਾ ਰਿਹਾ ਹੈ ? ਇਸ ਬਾਰੇ ਦਾਸ ਨੂੰ ਸਹੀ ਗਿਆਨ ਨਹੀਂ ਹੈ।

{ਆਪ ਜੀ ਦੀ ਵਿਚਾਰ ਅਧੀਨ ਕੀਤੇ ਜਾ ਰਹੇ ਬਚਨਾਂ ਵਿਚੋਂ ਹੇਠਲੇ-- A ਤੋਂ A ਤੱਕ ਲਗ-ਪਗ ਸਾਰੇ ਬਚਨ, ਮਿਤੀ **Feb:20,1996** ਨੂੰ ਸ੍ਰੀ ਗੁਰਚਰਨ ਸਿੰਘ ਜੀ ਟੌਹੜਾ ਦੀ ਸੇਵਾ ਵਿਚ ਲਿਖੀ ਚਿੱਠੀ ਵਾਲੇ ਹੀ ਹਨ}

A '' ਹਰ ਇੱਕ ਗੁਰਸਿੱਖ ਦਾ ਧਰਮ ਬਣਦਾ ਹੈ ਕਿ ਉਹ ਆਪਣੀ ਜਿੰਦਗੀ ਦੀ **ਗ਼ਮੀ** ਅਤੇ **ਖ਼ੁਸ਼ੀ** ਨੂੰ ਸਿੱਖ ਪੰਥ ਦੇ **ਹਾਣ** ਅਤੇ **ਲਾਭ** ਨਾਲ ਜੋੜੀ ਰੱਖੇ ।

**ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥** **ਇਸ ਘਰ ਕੋ ਆਗ ਲਗੀ ਘਰ ਕੇ ਚਿਰਾਗ਼ ਸੇ**

ਖਾਲਸਾ ਪੰਥ ਦੀ ਚੜ੍ਹਦੀ ਕਲਾ, ਹਰ ਇੱਕ ਗੁਰਸਿੱਖ ਦੀ ਨਿੱਜੀ ਪ੍ਰਸੰਨਤਾ ਦਾ ਸਾਧਨ ਹੋਵੇ, ਅਤੇ ਪੰਥ ਵਿਚ ਆਈ ਢਹਿੰਦੀ ਕਲਾ ਦਾ ਸਮਾ, ਹਰ ਗੁਰਸਿੱਖ ਲਈ ਨਿੱਜੀ ਪਸ਼ੇਮਾਨੀ ਭਰੀ ਚਿੰਤਾ ਦਾ ਕਾਰਨ ਬਣ ਜਾਣਾ ਚਾਹੀਦਾ ਹੈ। ਪੰਥ ਦੀ ਚੜ੍ਹਦੀ ਕਲਾ ਲਈ ਯਤਨ ਸ਼ੀਲ ਰਹਿੰਣਾ ਸਾਰੇ ਗੁਰੂ ਨਾਨਕ ਨਾਮ-ਲੇਵਾ ਨਰ ਨਾਰੀ ਦਾ ਫ਼ਰਜ਼ ਹੈ ।ਹਰਿ ਇੱਕ ਗੁਰਸਿੱਖ ਦਾ ਨਿੱਜੀ ਆਚਰਨ ਅਤੇ ਨਿੱਜੀ ਜੀਵਨ-ਜੁਗਤ, ਪੂਰੇ ਪੰਥ ਦੀ ਸੋਭਾ ਅਤੇ ਕੁਸੋਭਾ ਦਾ ਮੂਲ ਹੈ। ਸਰਬਲੋਹ ਗ੍ਰੰਥ ਦੇ ੪੩੧-੩੨ ਸਫ਼ੇ ਵਾਲੀ ਕਵਿਤਾ ਵਿਚਲੀ, ਦਸ਼ਮੇਸ਼ ਜੀ ਦੇ ਪਾਵਨ ਨਾਮਣੇ ਨਾਲ ਜੁੜਿਆ ਇਹ ਬਚਨ ਬੜੀ ਵਡੀ ਮਹੱਤਤਾ ਵਾਲਾ ਹੈ:--

ਜਬ ਲਗ ਖ਼ਾਲਸਾ ਰਹੈ ਨਿਆਰਾ । ਤਬ ਲਗ ਤੇਜ ਦੀਓ ਮੈਂ ਸਾਰਾ ॥
ਜਬ ਇਹ ਗਹੈ ਬਿੱਪ੍ਰਨ ਕੀ ਰੀਤ । ਮੈ ਨਾ ਕਰੋਂ ਇਨ ਕੀ ਪਰਤੀਤ ॥

ਪੰਥ ਪ੍ਰਵਾਣਤ ਉਪਰੋਕਤ ਬਚਨਾਂ ਅਨੁਸਾਰ, ਖ਼ਾਲਸਾ ਜੀ ਕੋਲ ਨਿਆਰੀ ਆਨ-ਸ਼ਾਨ ਵਾਲਾ ਰਾਜ ਭਾਗ ਕੇਵਲ ਓਨਾ ਚਿਰ ਹੀ ਰਹਿਣਾ ਸੀ, ਜਿੰਨਾ ਚਿਰ **ਖ਼ਾਲਸੇ ਦੀ ਮਰਯਾਦਾ " ਗੁਰੂ-ਮਤਿ ਅਨੁਸਾਰ "** ਅਤੇ **ਖ਼ਾਲਸੇ ਦਾ ਆਚਰਨ**, ਨਿਆਰੇ ਗੁਰੂਗ੍ਰੰਥ ਸਾਹਿਬ ਜੀ ਦੀ ਨਿਆਰੀ ਸਿਖਿਆ ਦੇ ਅਨਸਾਰ ਬਣਿਆ ਰਹਿਣਾ ਸੀ। ਉਪ੍ਰੋਕਤ ਬਚਨਾ ਅਨੁਸਾਰ ਸਤਿਗੁਰਾਂ ਦੀ ਦੂਜੀ, ਕਰੜੀ ਤਾੜਨਾ, ਇਹ ਸੀ, ਕਿ, ਜੇ ਬਿੱਪ੍ਰਨ ਕੀ ਰੀਤ, ਕਿਸੇ ਪੱਖੋ' ਵੀ, ਸਿੱਖ ਪੰਥ ਵਿਚ ਆ ਵੜੀ, ਤਾਂ ਪੰਥ ਨੇ (ਤੇਜ ਪ੍ਰਤਾਪ ਗੁਆ ਲੈਣ ਦੇ ਨਾਲ ) ਸਤਿਗੁਰੂ ਜੀ ਲਈ ਬੇਪ੍ਰਤੀਤਾ ਵੀ ਹੋ ਜਾਣਾ ਹੈ। ਜਦੋਂ ਕੋਈ ਮਨੁੱਖ- " **ਆਪਨੀ ਪਰਤੀਤਿ ਆਪ ਹੀ ਖੋਵੈ-- ਤਦੋਂ** ਫਿਰ? **ਬਹੁਰਿ ਉਸ ਕਾ ਬਿਸਵਾਸੁ ਨ ਹੋਵੈ** " । ਸ਼ਕਤੀ-ਸ਼ਾਲੀ ਖ਼ਾਲਸਾ-ਰਾਜ-ਭਾਗ ਦੇ ਖੁੱਸ ਜਾਣ ਵਾਲੇ ਦਿਨ ਤੋਂ ਹੀ, ਪੰਥ ਦੇ ਜਥੇਦਾਰ ਸਾਹਿਬ ਨੂੰ ਚਿੰਤਾ ਲੱਗ ਜਾਣੀ ਚਾਹੀਦੀ ਸੀ ਕਿ, ਅਪਣੇ ਤੇਜ ਪ੍ਰਤਾਪ ਤੋਂ ਹੱਥ ਧੋ ਲੈਣ' ਦਾ ਸਪੱਸ਼ਟ ਅਰਥ ਇਹੀ ਹੈ ਕਿ, (ਉਪ੍ਰੋਕਤ ਗੁਰੂ-ਬਚਨਾਂ ਅਨੁਸਾਰ) ਹੁਣ ਇਹ ਖ਼ਾਲਸਾ ਨਿਆਰੇ ਆਚਰਨ ਵਾਲਾ ਬਿਲਕੁਲ ਨਹੀਂ ਰਿਹਾ। ਅਤੇ ਇਹ ਚਿੰਤਾ ਉਸ ਤੋਂ ਵੀ ਦੂਣੀ ਹੋ ਕੇ ਚੰਬੜ ਜਾਣੀ ਚਾਹੀਦੀ ਸੀ ਕਿ, **ਕਿਤੇ ਪੰਥ ਵਿਚ ਬਿਪ੍ਰਨ ਕੀ ਰੀਤ ਵੀ ਤਾਂ ਨਹੀ' ਆ ਵੜੀ** ? ਅਪਣਾ ਨਿਆਰਾ ਆਚਰਨ ਗੁਆ ਲੈਣ ਦੇ ਨਾਲ ਕਿਤੇ ਅਸੀ', ਸਤਿਗੁਰਾਂ ਦੀਆਂ ਨਜ਼ਰਾਂ ਵਿਚ, ਬੇਪਰਤੀਤੇ ਵੀ ਤਾਂ ਨਹੀ' ਹੋ ਗਏ ਹੋਏ ?

੧੯੮੪ ਦੇ ਭਾਣਿਆਂ ਤੋ' ਪਿੱਛੋਂ, ਸ੍ਰੀ ਗੁਰੂ ਨਾਨਕ ਜੀ ਦੀ ਪ੍ਰੇਰਨਾ ਦਾ ਸਦਕਾ, ਦਾਸ ਨੇ ਦਸ਼ਮੇਸ਼ ਜੀ ਦੇ (ਉਪ੍ਰੋਕਤ) ਪੰਥ ਪ੍ਰਵਾਨਤ ਬਚਨਾਂ ਦੇ ਅਧਾਰ ਤੇ, ਪੜਤਾਲ ਕਰਨੀ ਅਰੰਭ ਕਰ ਦਿੱਤੀ। ਇਹ " ਬਿਪ੍ਰ " ਕੌਣਂ ਹੇ ਅਤੇ ਉਸ ਦੀ ਉਹ ਚੰਦਰੀ " ਰੀਤ " ਕਿਹੜੀ ਹੈ, ਜਿਸ ਤੋਂ ਖ਼ਾਲਸਾ ਜੀ ਨੂੰ ਆਪਣੇ ਸਤਿਗੁਰੂ ਲਈ ਬੇਪ੍ਰਤੀਤਾ ਬਣਨਾ ਹੁੰਦਾ ਹੈ ਸੀ ? ਸਿੱਖ ਹਿੰਦੂ ਮਿਥਿਹਾਸ ਦੇ, ਸਿੱਖ ਅਤੇ ਗੁਰੂ ਇਤਿਹਾਸ ਦੇ, ਮਹਾਂ ਵਿਦਿਆਲਿਆਂ ਤੋਂ ਡਿਗਰੀਆਂ ਪ੍ਰਾਪਤ ਕਰਨ ਤੋਂ ਬਣੇ ਵਿਦਵਾਨਾ ਦੀਆਂ ਕਿਤਾਬਾਂ ਦੇ. ਅਤੇ ਡੇਰੇਦਾਰ ਸੰਤਾ ਦੇ ਲਿਖੇ ਗ੍ਰੰਥ-ਪੁਸਤਕਾਂ ਦੇ, ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੇ ਬੜੀ ਲਗਨ ਨਾਲ ਕੀਤੇ ਡੂੰਘੇ ਅਧੈਨ ਤੋਂ ਤਸੱਲੀ ਹੋ ਗਈ, ਕਿ, ਖ਼ਾਲਸਾ ਪੰਥ " ਨਾ ਮਰਯਾਦਾ ਵਲੋਂ ਅਤੇ ਨਾ ਹੀ ਆਚਰਨ ਵਲੋਂ ਨਿਆਰਾ ਰਿਹਾ ਹੈ।

ਮਹਾਰਾਜਾ ਰਣਜੀਤ ਸਿੰਘ ਜੀ ਨੂੰ ਕੋੜਿਆਂ ਦੀ ਸਜ਼ਾ ਸੁਣਾਉਣਂ ਵਾਲੇ ਪੰਥ ਦੇ ਜਥੇਦਾਰ ਨੂੰ, ਉਸੇ ਵੇਲੇ ਹੀ ਸੁਚੇਤ ਹੋ ਜਾਣਾ ਚਾਹੀਦਾ ਸੀ ਜਦ ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚਲੇ ਸ਼ੀਸ਼-ਮਹਿਲਾਂ ਦੇ ਵੇਹੜੇ ਵਿਚ (ਮਹਾਰਾਜਾ ਸਾਹਿਬ ਦੀ ਕਾਮ-ਤ੍ਰਿਸ਼ਨਾ ਨੇ) ਮੂਰਤੀ ਪੂਜਾ ਲਈ ਮੰਦਰ ਬਣਵਾ ਲਿਆ ਸੀ। ਪੰਥ ਦੀ ਧਾਰਮਿਕ ਪਹਿਰੇਦਾਰੀ ਦੇ ਜ਼ਿੰਮੇਵਾਰ ਜਥੇਦਾਰਾਂ ਦੇ ਪੈਰਾਂ ਹੇਠੋਂ ਧਰਤੀ ਉਸੇ ਦਿਨ ਖਿਸਕ ਜਾਂਦੀ, ਜਦ ਖ਼ਾਲਸਾ ਜੀ ਦੇ ਰਾਜ ਮਹਿਲਾਂ ਵਿਚ ਸ਼ਰਾਬ, ਅਫ਼ੀਮ ਦੇ ਦੌਰ ਚੱਲਣ ਲੱਗ ਪਏ ਸਨ- ਹਾਏ ਕਿਤੇ " ਯਥਾ ਰਾਜਾ ਤਥਾ ਪਰਜਾ " ਵਾਲਾ ਭਾਣਾ ਨਾ ਵਰਤ ਜਾਏ ?ਪਰ ਸ਼ੋਕ, ੧੮੩੯ ਤੋਂ ਨਿਰੰਤਰ ਵਰਤਦੇ ਆ ਰਹੇ ਭਾਣਿਆਂ ਤੋਂ ਪੰਥ ਦੇ ਜਥੇਦਾਰ ਸਾਹਿਬ ਨੇ, ਉਨ੍ਹਾਂ ਹੀ ਬਚਨਾਂ ਦੀ ਮੁਹੱਤਤਾ ਨੂੰ ਸਮਝ ਕੇ ਆਪਣੇ ਅੰਦਰ ਆ ਚੁੱਕੀ ਘਾਟ ਵੱਲ ਧਿਆਨ ਨਾ ਦਿੱਤਾ, ਜਿਨ੍ਹਾਂ ਬਚਨਾਂ ਬਾਰੇ ਅੱਡੀਆਂ ਚੁੱਕ ਚੁੱਕ ਕੇ ਸੰਗਤਾਂ ਨੂੰ ਨਿਰੰਤਰ ਤਸੱਲੀ ਕਰਾਈ ਜਾ ਰਿਹਾ ਹੈ ਕਿ, ਇਹ (ਉਪ੍ਰੋਕਤ ਲਿਖੇ " ਜਬ ਲਗ ਤੋਂ......ਪ੍ਰਤੀਤ-ਤੱਕ) ਬਚਨ ਪੰਥ ਦੇ ਵਾਲੀ ਦਸ਼ਮੇਸ਼ ਪਿਤਾ ਜੀ ਦੇ ਆਪਣੇ ਮੁਖਾਰਬਿੰਦ ਦੇ ਹੀ ਹਨ। ਖ਼ਾਲਸਾ ਜੀ ਦੀ **Leadership** ਨੇ ਅਪਣੇ ਅੰਦਰ ਆ ਚੁਕੀਆਂ ਕਮਜ਼ੋਰੀਆਂ ਵੱਲ ਧਿਆਨ ਮਾਰਨ ਦੇ ਸ਼ੁੱਭ ਗਣਾਂ ਨੂੰ ਧਾਰਨ ਕਰਨਾ ਸਗੋਂ ਆਪਣੀ ਹੇਠੀ ਮੰਨ ਲਿਆ, ਅਤੇ ਆਪਣੀਆਂ ਹਾਰਾਂ ਦੀ ਜ਼ਿਮੇਵਾਰੀ ਸਦਾ ਦੂਜਿਆਂ ਦੇ ਸਿਰ ਮੜ੍ਹੀ ਰੱਖਣੀ ਪੰਥਕ ਮਰਯਾਦਾ ਬਣਾ ਦਿੱਤੀ ? ਆਪਣੇ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਫ਼ੁਰਮਾਨਾਂ ਵੱਲ ਧਿਆਨ ਦੇਣ ਲਈ ਪੰਥਕ ਲੀਡਰ ਕੋਲ ਸਮਾਂ ਹੀ ਨਾ ਰਿਹਾ । ਗੁਰੂ ਬਾਣੀ-ਤੁਕਾਂ ਭੰਨ ਤੋੜ ਕੇ ਗੁਰੂ ਹੁਕਮਾਂ ਦੀ ਸਿਆਸੀ ਵਰਤੋਂ ਕਰਨ ਨੂੰ ਆਪਣਾ ਹੱਕ ਮਨ ਕੇ, ਏਸ ਦੁਖਦਾਈ ਦੋਸ਼ ਨੂੰ ਸਗੋਂ " **ਗੁਰਮਤਿ** " ਮੰਨ ਬੈਠਾ। ਗੁਰੂ ਫ਼ੁਰਮਾਨਾਂ ਤੋਂ ਮਿਲਦੀ ਮਤਿ ਅਨੁਸਾਰ, ਜੀਵਨ ਢਾਲ ਲੈਣ ਦੀ ਲੋੜ ਪੰਥਕ ਤੌਰ ਤੇ ਮੁਕਾ ਦਿੱਤੀ। (ਨੋਟ-ਸਿੱਖ ਰਹਿਤ ਮਰਯਾਦਾ ਦੇ ਖਰੜੇ ਵਿੱਚ ਮੰਤਰ ਪਾਠਾਂ ਦਾ ਵਿਧਾਨ ਤਾਂ ਹੈ ਪਰ ਅਜੇਹੀ ਸਿਖਿਆਂ ਦਾ ਸੰਕੇਤ ਤੱਕ ਨਹੀਂ ਮਿਲਦਾ ਕਿ, " ਗੁਰਬਾਣੀ ਅਨੁਸਾਰ ਜੀਵਨ ਢਾਲ ਲੈਣਾ ਹਰ ਇਕ ਗੁਰਸਿੱਖ ਦਾ ਧਾਰਮਿਕ ਫ਼ਰਜ਼ ਹੈ ") "-**ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨਾ ਲੇਖ ॥ ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥੬॥** ਸਿਖ ਦੀ ਤਾਂ ਜੰਗ ਹੀ **ਮਨ** ਨਾਲ ਲੱਗੀ ਰਹਿਣੀ ਲੋੜੀਦੀ ਸੀ। ਕਿਤੇ ਮੇਰੇ ਮਨ ਵਿਚ ਕੋਈ' ਆਚਰਨਕ ਜਾਂ ਮਾਨਸਕ, ਘਾਟ ਤਾਂ ਨਹੀਂ ਆ ਬਿਰਾਜੀ ਹੋਈ ? " ਵਹਿਗੁਰੂ ਜੀ ਦੀ ਫਤਹਿ ਬੁਲਾਉਣ ਤੋਂ ਅਸੀਂ ਕਿਹੜੇ ਯੁੱਧ ਵਿਚ ਵਾਹਿਗੁਰੂ ਜੀ ਦੀ ਜਿੱਤ ਮੰਗਦੇ ਹਾਂ ? ਅੱਜ ਤੱਕ ਜਥੇਦਾਰ ਜੀ ਨੇ ਏਧਰ ਧਿਆਨ ਦੇਣ ਦੀ ਲੋੜ ਕਿਉਂ ਨਹੀਂ ਸਮਝੀ ? ਕੀ ਪੰਥਕ ਲੀਡਰ ਸਤਿਗੁਰਾਂ ਦੇ ਇਸ ਫ਼ੁਰਮਾਨ ਵਲ ਕਦੇ ਧਿਆਨ ਮਾਰ ਕੇ ਅੰਦਰ ਆ ਵੜੀਆਂ ਪੰਥ ਘਾਤਕ ਊਣਤਾਈਆਂ ਦੀ ਪਛਾਣ ਕਰ ਸਕਣਗੇ ? " **ਸੋ ਬਉਰਾ ਜੋ ਆਪੁ ਨ ਪਛਾਨੈ ॥**{੮੫੫} ਬੜਾ ਔਖਾ ਹੈ ਇਹ ਮੰਨ ਲੈਣਾ ਕਿ-" **ਨਾਨਕ ਮੂਰਖੁ ਏਕੁ ਤੂ ਅਵਰੁ ਭਲਾ ਸੈਸਾਰੁ** "॥ ਜੇ ਏਹੀ ਹਾਲਤ ਰਹੀ ਤਾਂ ਮੋੜਾ ਖਾਣਾ ਤਾਂ ਦੂਰ ਦੀ ਗੱਲ ਹੈ, **ਤੇਜ-ਪ੍ਰਤਾਪ ਨੇ** ਸਗੋ' ਦਿਨੋ ਦਿਨ ਦੂਰ ਤੋਂ ਦੂਰ ਹੀ ਤੁਰਿਆ ਜਾਣਾ ਹੈ।" ਇਸ ਤਰ੍ਹਾਂ ਦੇ ਵਿਚਾਰਾਂ ਨੇ ਦਿਲ ਦਿਮਾਗ਼ ਨੂੰ ਘੇਰ ਲਿਆ। ਮਨ ਦਾ ਚੈਨ ਜਾਂਦਾ ਰਿਹਾ।

ਪਤਾ ਕਰਨਾ ਅਰੰਭਿਆ ਕਿ, ਬਿੱਪ੍ਰਨ ਕੀ ਰੀਤ ਪੰਥ ਵਿਚ ਕਿਨ੍ਹਾਂ ਘੁਰਨਿਆਂ ਰਾਹੀਂ ਆ ਵੜੀ ਹੈ ? ਅਜੇਹਾ ਉਹ ਵੈਰੀ ਕੌਣ ਹੈ ਜੋ ਅਛੋਪਲੇ ਹੀ ਪੰਥ ਦਾ ਘਾਤ ਕਰੀ ਜਾ ਰਿਹਾ ਹੈ ? ਉਸ ਦੇ ਉਹ ਸਾਧਨ ਕਿਹੜੇ ਹਨ, ਜਿਨ੍ਹਾਂ ਦੁਆਰਾ ਉਹ ਪੰਥ ਨੂੰ ਬਿੱਪ੍ਰਨ ਕੀ ਰੀਤ ਦਾ ਧਾਰਨੀ ਬਣਾਈ ਤੁਰਿਆ ਜਾ ਰਿਹਾ ਹੈ ? ਏਸੇ ਸੰਬੰਧ ਵਿਚ, ਪ੍ਰੋਫੈਸਰ ਦਰਸ਼ਨ ਸਿੰਘ ਜੀ ਜਥੇਦਾਰ ਸ੍ਰੀ ਅਕਾਲਤਖ਼ਤ ਸਾਹਿਬ ਨੂੰ ੧੯੮੮ ਵਿਚ ਚਿੱਠੀ ਲਿਖੀ, ਫਿਰ ਸਿੰਘ ਸਾਹਿਬ ਗਿਆਨੀ ਮੋਹਨ ਸਿੰਘ ਜੀ ਮੁੱਖ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਨੂੰ, ਭਾਈ ਹਰਿੰਦਰ ਸਿੰਘ ਸਕੱਤਰ **S.G.P.C** ਅੰਮ੍ਰਿਤਸਰ ਸਾਹਿਬ, ਪ੍ਰੋ: ਮਨਜੀਤ ਸਿੰਘ ਜੀ, ਮੌਜੂਦਾ ਕਾਰਜਕਾਰੀ ਜਥੇਦਾਰ ਸਾਹਿਬ, ਸ਼੍ਰੀ ਅਕਾਲ ਤਖਤ ਸਾਹਿਬ ਦੀ ਸੇਵਾ ਵਿਚ, ਅਤੇ ਫ਼ਿਰ ਭਿੰਡਰਾਂ ਵਾਲਿਆਂ ਦੀਆਂ ਦੋਹਾਂ ਟਕਸਾਲਾ ਨੂੰ ਚਿੱਠੀਆਂ

ਲਿਖੀਆਂ। ਪਰ ਕਿਸੇ ਪ੍ਰਕਾਰ ਦੀ ਸੋਧ ਦੇਣ ਦੀ ਖੇਚਲ, ਕਿਸੇ ਧਿਰ ਨੇ ਵੀ ਨਾ ਕੀਤੀ। ਅਤੀਅੰਤ ਪ੍ਰੇਸ਼ਾਨ ਸਾਂ ਕਿ ਸਤਿਗੁਰੂ ਨਾਨਕ ਸਾਹਿਬ ਜੀ ਨੇ ਇਸ ਨੀਚ (ਸੱਜਣ) ਠੱਗ ਦੇ ਸਿਰ ਤੇ ਆਪਣਾ ਮਿਹਰਾਂ ਭਰਿਆ ਹੱਥ ਆ ਟਿਕਾਇਆ " **ਕਹੁ ਨਾਨਕ ਗੁਰਿ ਖੋਲੇ ਕਪਾਟ ॥ ਮੁਕਤੁ ਭਏ ਬਿਨਸੇ ਭ੍ਰਮ ਥਾਟ ॥** " ਗੁਰੂ ਬਾਣੀ ਗਿਆਨ ਵਲੋਂ ਕਪਾਟ ਖੁਲ੍ਹ ਗਏ । ਮਨ ਦ੍ਰਿੜਤਾ ਫੜ ਬੈਠਾ । ਬਿਪ੍ਰ ਅਤੇ ਉਸ ਦੀ ਰੀਤ ਦੀ ਅਸਲੀਅਤ ਨੰਗੀ ਕਰਨ ਦੇ ਨਾਲ, ਪੰਥ ਨੂੰ, ਅਨੂਪਮ ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਸੁਨੇਹਾ ਪੁਚਾ ਕੇ, ਸੁਚੇਤ ਕਰਨ ਦੇ ਯਤਨਾਂ ਵਿਚ ਪੁਸਤਕ " **ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ** " ਲਿਖਣੀ ਅਰੰਭੀ। ੧੯੯੫ ਤੋਂ ਪਾਠਕਾਂ ਦੇ ਹੱਥਾਂ ਵਿਚ ਪੁੱਜ ਰਹੀ ਉਸ ਪੁਸਤਕ ਦੇ ਪਹਿਲੇ ਛੇ ਭਾਗ ਛਪ ਚੁੱਕੇ ਹਨ। A "

**ਆਪ ਜੀ ਦੀ ਸੁਹਿਰਦਤਾ ਅਤੇ ਵਿਦਵਤਾ** ਦੁਆਰਾ ਸਮਾਧਾਨ ਗੋਚਰੇ ਸ਼ਕਿਆਂ ਦਾ, ਅਤੇ ਨਿਆਂਕਾਰੀ ਸੁਣਵਾਈ ਦੀ ਮੰਗ ਕਰਦੀਆਂ, ਗੁਜ਼ਾਰਸ਼ਾਂ, ਜੋਦੜੀਆਂ ਦਾ ਵੇਰਵਾ:--

(੧) ਭਿੰਡਰਾਂ ਵਾਲੇ ਮਹਾਂ ਪੁਰਖਾਂ ਦੀ ਲਿਖੀ " **ਗੁਰਮਤਿ ਰਹਿਤ ਮਰਯਾਦਾ** " ਪੁਸਤਕ ਵੀ ਬਿੱਪਰ ਵਾਦ ਅਤੇ ਝੂਠ-ਭਰਮ ਦਾ ਸੋਮਾ ਹੋ ਦਿੱਸੀ । ਉਸ ਵਿਚਲੇ ਗੁਰਮਤਿ ਵਿਰੋਧੀ ਅਤੇ ਝੂਠੀਆਂ ਗੱਲਾਂ ਦਾ ਵੇਰਵਾ ਲਿਖ ਕੇ **੧੯੯੨** ਤੋਂ ਦੋ ਥਾਈਂ ਹੋ ਚੁੱਕੇ ਭਿੰਡਰਾਂ ਵਾਲਿਆਂ ਨੂੰ ਚਿਠੀ ਲਿਖਣ ਉਪ੍ਰੰਤ, ਫਿਰ ਯਾਦ ਪੱਤਰ ਲਿਖਦਾ ਰਿਹਾ। ਜਦ ਕਿਸੇ ਧਿਰੋਂ ਕੋਈ ਉੱਤਰ ਨਾ ਆਇਆ ਤਾਂ ੧੯੯੫ ਵਿਚ ਉਹ ਚਿੱਠੀ ਪੁਸਤਕ " **ਮਾਸੁ ਮਾਸੁ ਕਰਿ ਮੂਰਖ ਝਗੜੇ**--ਦੇ ੨੫੩ ਸਫ਼ੇ ਤੋਂ ਅਰੰਭ ਹੋ ਕੇ ਅੰਤਲੇ ੩੩੬ ਸਫ਼ੇ ਤੇ ਭਿੰਡਰਾਂ ਤੋਂ ਮੁੜੀ ਡਾਕ-ਰਸੀਦ ਦਾ ਫੋਟੋ ਵੀ ਛਾਪ ਦਿੱਤਾ।

(੨) ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਜੀ ਅਤੇ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਜੀ ਦੀ ਸੇਵਾ ਵਿਚ ਲਿਖ ਚੁੱਕਾ ਹਾਂ ਕਿ, ਕਵੀ ਸੋਹਨ ਜੀ ਕ੍ਰਿਤ, ਗਿਆਨੀ ਇੰਦਰ ਸਿੰਘ ਸੰਪਾਦਕ ਵਲੋਂ--**ਸ੍ਰੀ ਗੁਰੂ ਬਿਲਾਸ ਪਾਤਸ਼ਾਹੀ ੬**-ਗ੍ਰੰਥ -੧੯੭੭ ਤੋਂ ਬਜ਼ਾਰ ਵਿਚ ਵਿਕ ਰਿਹਾ ਹੈ। ਉਸ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਸਮੇਤ, ਉਨ੍ਹਾਂ ਦੀ ਸਨਤਾਨ ਆਪਣੇ ਪਿਤਾ ਦੀ ਬਿੰਦ ਨਾ ਹੋ ਕੇ, ਵਰ ਦੁਆਰਾ ਅਥਵਾ ਗੁਰਮੰਤਰ ਘੋਲ ਕੇ ਪੀਣ ਨਾਲ ਜਨਮੇ ਲਿਖਿਆ ਹੈ। ਇਸ ਗੁਰਮਤਿ ਵਿਰੋਧੀ ਦੁਸ਼ਕਰਮ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ- (੧) **ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ ॥** (ਪੰਨਾ ੮੭੨) (੨) **ਮਾ ਕੀ ਰਕਤੁ ਪਿਤਾ ਬਿੰਦੁ ਧਾਰਾ ॥ ਮੂਰਤਿ ਸੂਰਤਿ ਕਰਿ ਆਪਾਰਾ ॥** (ਪੰਨਾ ੧੦੨੨) (੩) **ਮਾਤ ਪਿਤਾ ਸੰਜੋਗਿ ਉਪਾਏ ਰਕਤੁ ਬਿੰਦੁ ਮਿਲਿ ਪਿੰਡ ਕਰੇ ॥** (੧੦੧੩) (੪) **ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ ॥**(ਪੰਨਾ ੧੫੬) (੫) **ਮਿਲਿ ਮਾਤ ਪਿਤਾ ਪਿੰਡ ਕਮਾਇਆ ॥** (ਪੰਨਾ ੯੮੯} ਆਦਿ, ਪਾਵਨ ਗੁਰੂ ਸ਼ਬਦਾਂ ਦੀ ਖੰਡਣਾ ਵਾਲਾ ਗੰਭੀਰ ਝੂਠ, (ਗੁਰਬਾਣੀ ਤੋਂ ਅਗਿਆਨੀ) ਗੁਰਸਿੱਖਾਂ ਲਈ ਗੁਰਮਤਿ ਬਣਾਇਆ ਜਾ ਰਿਹਾ। ਆਪਣੇ ਪਹਿਲੇ ਸਰੂਪ ਸਮੇਂ ਹੀ, ਜਨੇਊ ਨੂੰ ਰੱਦ ਕਰ ਕੇ ਉਸ ਰਸਮ ਦੀ ਖੰਡਣਾ ਵਾਲੇ ਗੁਰਬਾਣੀ ਸ਼ਬਦ ਲਿਖਣ ਵਾਲੇ ਸਤਿਗੁਰੂ ਅਰਜਨ ਸਾਹਿਬ ਜੀ ਬਾਰੇ ਲਿਖਿਆ ਹੈ ਕਿ ਉਨ੍ਹਾਂ ਨੇ ਆਪਣੇ ਸਾਹਿਬਜ਼ਾਦੇ (ਗੁਰੂ) ਹਰਿਗੋਬਿੰਦ (ਸਾਹਿਬ) ਦੇ ਗਲ ਵਿਚ ਬਿਪ੍ਰ ਦੁਆਰਾ ਜੰਞੂ ਪੁਆਇਆ ਸੀ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਮਹਾਨ ਸ਼ਹੀਦੀ ਨੂੰ ਆਤਮ ਹਤਿਆ ਦੇ ਰੂਪ ਵਿਚ ਦਰਸਾਇਆ ਹੋਇਆ ਹੈ। ਇਸ ਗ੍ਰੰਥ ਵਿਚ ਗੁਰੂ ਇਤਿਹਾਸ ਨੂੰ ਅਜੇਹੇ ਭੁਲੇਖਾ-ਪਾਊ ਸ਼ਬਦਾਵਲੀ ਵਿਚ ਮੋੜ ਦਿੱਤਾ ਹੋਇਆ ਹੈ ਕਿ, ਸਭ ਕੁਝ ਪੁਰਾਣਾ (ਵਿਚਲੇ ਝੂਠ ਮਿਥਿਹਾਸ) ਦੀ ਹੀ ਪੁਸ਼ਟੀ ਹੁੰਦੀ ਸਿੱਧ ਹੋ ਰਹੀ ਹੈ।

(੩) ਨਾਨਕਸਰ ਦੀ ਮਰਯਾਦਾ ਅਨੁਸਾਰ ਵਿਧੀ ਵਾਲਾ ਸੁਖਮਨੀ ਸਾਹਿਬ--ਗੁਟਕਾ– " ਪੰਚਮ ਪਾਤਸ਼ਾਹੀ ਤੱਕ ਗੁਰੂ ਸਾਹਿਬਾਨ ਦੇ ਪਾਵਨ ਸਰੀਰ ਤੇ ਕੋਹੜ ਹੋਣ ਦਾ ਗੁਰਮਤਿ ਵਿਰੋਧੀ ਭਰਮ ਹੀ ਕੇਵਲ ਨਹੀਂ ਪਾ ਰਿਹਾ, ਸਗੋਂ ਗੁਟਕੇ ਦੇ ੧੨ ਸਫ਼ੇ ਦੀ ਲਿਖਤ, ਕਿ " **ਕਲਜੁਗ ! ਤੇਰੇ ਰਾਜ ਵਿਚ ਗੁਰੂ ਨਾਨਕ ਦਾ ਪਹਿਰਾ ਹੈ। ਦੱਸ ਜਾਮੇ ਪ੍ਰਗਟ ਤੇ ੭੪ ਜਾਮੇ ਸੰਤ ਦੇ ਰੂਪ ਵਿਚ, ਸਾਰੇ ਜੁਗ ਵਿਚ ਪਹਿਰਾ ਕਾਇਮ ਰਖਣਾ ਹੈ। ਸੋ** ਗੁਰੂ ਨਾਨਕ ਪਾਤਸ਼ਾਹ ਦੇ ਹੁਕਮ ਵਿਚ ਅਸੀਂ ਇਹ ਢੰਡੋਰਾ ਦੇ ਰਹੇ ਹਾਂ " ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਨਾਨਾਕ ਸਾਹਿਬ ਜੀ ਦੀ ਜੋਤਿ ਦੇ ਸਦੀਵੀ ਮਾਲਕ ਹੋਣ ਦਾ ਮੌਜੂ ਉਡਾ ਰਹੀ ਹੈ। ਗੁਰਮਤਿ ਵਿਰੋਧੀ ਹੋਰ ਕਈ ਭਰਮਾਂ ਦਾ ਭੰਡਾਰ ਇਹ ਗੁਟਕਾ ਸਨ ੧੯੭੯ ਤੋਂ ਪੰਥ ਨੂੰ ਬ੍ਰਾਹਮਣੀ ਭਰਮਜਾਲ ਵਿਚ ਫਸਾ ਰਿਹਾ ਹੈ। ਮਿਤੀ ੧ ਜਨਵਰੀ ੧੯੯੯ ਨੂੰ ਦਾਸ ਨੇ ਜਥੇਦਾਰ ਸ੍ਰੀ ਕੇਸਗੜ ਸਾਹਿਬ ਪ੍ਰੋ:ਮਨਜੀਤ ਸਿੰਘ ਜੀ ਦੀ ਸੇਵਾ ਵਿਚ ਬੇਨਤੀ ਪੱਤਰ ਭੇਜਿਆ, ਉਨ੍ਹਾਂ ਵਲੋਂ ਕੇਵਲ ਏਹੀ ਸੁਨੇਹਾ ਪੁੱਜਾ ਕਿ ਉਹ ਵਿਚਾਰ ਕਰ ਰਹੇ ਹਨ।

(੪) ਈਸ਼ਰ ਸਿੰਘ ਨਾਰਾ ਦੀ ਪੁਸਤਕ--**ਕ੍ਰਿਸ਼ਨ ਭਗਵਾਨ ਤੇ ਕਲਗ਼ੀਧਰ**-- ਗੁਰਮਤਿ ਵਿਰੋਧੀ ਹੋਰ ਕਈ ਕੁਝ ਦੇ ਨਾਲ ਪੁਸਤਕ ਇਹ ਵੀ ਕਹਿ ਰਹੀ ਹੈ, ਕਿ " ਜਿਹੜਾ ਸਿੱਖ ਸ੍ਰੀ ਕ੍ਰਿਸ਼ਨ ਜੀ ਨੂੰ ਵਹਿਗੁਰੂ ਨਾ ਮੰਨੇ ਉਹ ਗੁਰੂ ਗ੍ਰੰਥ ਸਹਿਬ ਦਾ ਸਿੱਖ ਹੀ ਨਹੀਂ।" ਮੰਨਿਆਂ ਜਾਣਾ ਚਾਹੀਦਾ।

ਦਾਸ ਨੇ ਨਾਰਾ ਜੀ ਦੀ ਪੁਸਤਕ ਦੇ ਕੁਝ ਗੰਭੀਰ ਗੁਰਮਤਿ-ਵਿਰੋਧੀ ਗੱਲਾਂ ਦਾ ਖੰਡਨ ੧੯੯੫ ਵਿਚ ਛਪ ਚੁੱਕੀ, ਪੁਸਤਕ ਬਿੱਪ੍ਰਨ ਕੀ ਰੀਤ ਤੋਂ ਸਚੁ ਦਾ ਮਾਰਗ " ਦੇ ਪਹਿਲੇ ਭਾਗ ਵਿਚ ਕੀਤਾ ਸੀ। ਅਜੇਹੀਆਂ ਗੁਰਮਤਿ ਵਿਰੋਧੀ ਅਤੇ ਗੁਰਬਾਣੀ ਦੀ ਹੇਠੀ ਵਾਲੀਆਂ ਪੁਸਤਕਾਂ ਬਾਰੇ ਚੁੱਪ ਸਾਧੀ ਰੱਖਣੀ, ਪੰਥਕ-ਬਦਕਿਸਮਤ ਪ੍ਰਤੱਖ ਹੋ ਦਿੱਸੀ ਤਾਂ ਦਾਸ ਨੇ ਪੰਥ ਦੀ ਕੇਂਦਰੀ ਜਥੇਦਾਰੀ ਵਲ ਬੜੇ ਤਰਲਿਆਂ ਭਰੀਆਂ ਜੋਦੜੀਆਂ ਦੁਆਰਾ ਸੁਚੇਤ ਕਰਨ ਦਾ ਯਤਨ ਕੀਤਾ ਸੀ। ਪੁਸਤਕ ਦੂਜੀ ਵਾਰੀ ੧੯੯੮ ਵਿਚ ਛਪ ਕੇ ਪਾਠਕਾਂ ਦੇ ਹੱਥਾਂ ਵਿਚ ਪੁੱਜ ਰਹੀ ਹੈ ਪਰ ਗੁਰਮਤਿ ਵਿਰੋਧੀ ਪੁਸਤਕਾਂ ਲਿਖਣ ਵਾਲਿਆਂ ਬਾਰੇ ਕੋਈ ਸੋਧ ਪੱਤਰ ਜਾਰੀ ਨਾ ਹੋਇਆ॥ ਖ਼ਾਲਸਾ ਜੀ ਦਾ ਨਿਆਰਾ-ਪਨ ਖ਼ਾਤਮੇ ਵਲ ਨੂੰ ਨਿਰੰਤਰ ਚਾਲੇ ਪਾਈ ਤੁਰਿਆ ਜਾ ਰਿਹਾ ਹੈ॥

## ਤਖ਼ਤ ਸਾਹਿਬਾਨ

(੫) ਸ੍ਰੀ ਅਕਾਲ-ਤਖ਼ਤ ਸਾਹਿਬ ਜੀ ਦੇ ਪ੍ਰਗਟ ਹੋਣ ਦੇ ਸੈਂਕੜੇ ਸਾਲ ਪਿੱਛੋਂ ਚਾਰ ਹੋਰ ਤਖ਼ਤ ਸਾਹਿਬਾਨ ਸਿਰਜੇ ਜਾਣ ਦੇ ਕਾਰਨਾਂ ਬਾਰੇ ਦਾਸ ਕੋਲ ਕਈ ਥਾਵਾਂ ਤੋਂ ਪੁੱਛਾਂ ਆਈਆਂ ਤਾਂ ਦਾਸ ਨੇ ਮਿਤੀ ੨੧ ਜਨਵਰੀ ੧੯੯੯ ਨੂੰ ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਜੀ ਅਤੇ ਸਿੰਘ ਸਾਹਿਬ

ਕੇਵਲ ਸਿੰਘ ਜੀ ਦੀ ਸੇਵਾ ਵਿਚ ਚਿਠੀਆਂ ਲਿਖੀਆਂ। ਪਰ ਉਨ੍ਹਾਂ ਵਲੋਂ ਏਹੀ ਪਤਾ ਆਇਆ ਕਿ ਉਹ ਵਿਚਾਰ ਕਰ ਰਹੇ ਹਨ। ਪ੍ਰੋਫ਼ੈਸਰ ਮਨਜੀਤ ਸਿੰਘ ਜੀ ਦੀ ਸੇਵਾ ਵਿਚ ਲਿਖੀ ਚਿੱਠੀ ਬਹੁਤੀ ਵਿਸਥਾਰ ਵਾਲੀ ਹੈ ਇਸ ਲਈ ਕੇਵਲ ਉਸੇ ਚਿੱਠੀ ਦਾ ਉਤਾਰਾ ਆਪ ਜੀ ਦੀ ਸੇਵਾ ਵਿਚ ਵੀ ਭੇਜਿਆ ਹੈ। ਤੁਸੀਂ ਕੋਈ ਅਕੱਟ ਜਵਾਬ ਲਿਖ ਭੇਜਣ ਦੀ ਕਿਰਪਾ ਕਰ ਦਿਉ, ਤਾਂ ਉਠ ਰਹੇ ਸੰਕੇ ਨਵਿਰਤ ਹੋ ਜਾਣ ?

## ੬- ਹੁਕਮਨਾਮਾ ?

ਭਾਈ ਗੁਰਦਾਸ ਜੀ ਸਾਖੀ ਭਰਦੇ ਹਨ-ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੂ ਨਾਨਕ ਜਗ ਮਾਹਿ ਪਠਾਇਆ।(੧-੨੩) ਦੁਖਿਅਰੇ ਜਗਤ ਦੀ ਪੁਕਾਰ ਸੁਣ ਕੇ ਪ੍ਰਭੂ ਨੇ ਸੰਸਾਰ ਦੀ ਕਲਿਆਣ ਲਈ, ਸਤਿਗੁਰੂ ਨਾਨਕ ਸਾਹਿਬ ਜਗਤ ਵਿਚ ਭੇਜਿਆ।ਸ੍ਰਿਸ਼ਟੀ ਦੇ ਮਾਲਕ, ਚੰਗੇ ਮੰਦੇ ਸਰਬੱਤ ਦੇ ਪਾਲਕ, ਸਿਰਜਣਹਾਰ ਨੇ ਸੰਸਾਰੀਆਂ ਨੂੰ ਸੁਖੀ ਜੀਵਨ ਜੁਗਤਿ ਦੇਣ ਲਈ ਗੁਰੂ ਨਾਨਕ ਸਾਹਿਬ ਜੀ ਨੂੰ ਆਪਣਾ ਨਾਇਬ, ਆਪਣਾ ਨੁਮਾਇੰਦਾ ਆਪਣਾ Viceroy ਥਾਪ ਕੇ ਆਪਣੀ ਅਪਾਰ ਪਾਤਸ਼ਾਹੀ, ਇਸ ਜਗਤ ਵਿਚ ਭੇਜਿਆ। ਸਤਿਗੁਰਾਂ ਨੇ--**ਸੂਕੇ ਹਰੇ ਕੀਏ ਖਿਨ ਮਾਹੇ ॥ ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ ॥ ੧ ॥** {੧੯੧} ਮੁਰਦਾ ਰੂਹਾਂ ਬਲਵਾਨ ਬਣਨੀਆਂ ਅਰੰਭ ਹੋ ਗਈਆਂ।"**ਮਾਰਿਆ ਸਿਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ** "(ਭਾ:ਗੁ: ਵਾ ੧ ਪਉੜੀ ੪੫) ਸੰਤ ਸੂਰਮਿਆਂ ਦੀ ਵਧਦੀ ਗਿਣਤੀ ਦੋਖੀਆਂ ਨੂੰ ਨਾ ਭਾਈ। ਮੁਗ਼ਲ ਸਮਰਾਟ ਜਹਾਂਗੀਰ ਦੇ ਕੰਨ ਭਰੇ ਗਏ। ਅੱਗ ਤੇ ਪਾਣੀ ਦੇ ਭਿਆਨਕ ਤਸੀਹੇ ਦੇ ਕੇ, ਪੰਚਮ ਗੁਰੂਨਾਨਕ, ਸਤਿਗੁਰੂ ਅਰਜਨ ਜੀ ਨੂੰ ਸ਼ਹੀਦ ਕਰ ਦਿੱਤਾ। ਲੋਕਾਂ ਵਿਚ ਹਾਹਾਕਾਰ ਮਚ ਗਈ। ਨਵ ਜਨਮੇ ਨਿਰਮਲ ਪੰਥ ਵਿਚ ਮੁਗ਼ਲਸ਼ਾਹੀ ਦਾ ਭੈ ਫੈਲ ਗਿਆ। ਸੂਰਮਾ ਬਣ ਰਹੇ ਮਨੁੱਖ ਦਾ ਮਨੋਬਲ ਸਗੋਂ ਦੂਣਾ ਚੌਣਾ ਕਰਨ ਲਈ, ਅਕਾਲੀ ਹਕੂਮਤ ਦੇ ਨੁਮਾਇੰਦੇ ਸਤਿਗੁਰੂ ਜੀ ਨੇ ਆਪਣਾ ਛੇਵਾਂ ਰੂਪ ਵਟਾਉਂਦਿਆਂ ਸਾਰ ਹੀ ਪੀਰੀ ਦੇ ਨਾਲ ਮੀਰੀ ਦੀ ਕਿਰਪਾਨ ਪਹਿਨ ਲਈ। ਅਕਾਲ-ਪੁਰਖ ਜੀ ਦੇ ਅਬਿਨਾਸ਼ੀ ਰਾਜ ਦਾ ਸ਼ਾਹੀ-ਤਖ਼ਤ (ਦਿੱਲੀ ਦੇ ਸਾਹੀ ਤਖ਼ਤ " ਨਾਲੋਂ ਵੀ) ਉੱਚਾ ਸਿਰਜ ਲਿਆ। ਸ਼ਾਹਾਨਾ ਪੁਸ਼ਾਕਾ, ਦੈਵੀ ਬਰਕਤਾਂ ਵਾਲੇ ਸੀਸ ਤੇ ਸੁੰਦਰ ਕਲਗ਼ੀ, ਕਈ ਸੂਰਜਾਂ ਨੂੰ ਮਾਤ ਪਾ ਰਹੇ ਦਰਸ਼ਨ ਦੀਦਾਰਿਆਂ ਵਾਲੇ ਸਤਿਗੁਰਾਂ ਨੇ, ਅਕਾਲਪੁਰਖ ਦੀ ਪਾਤਸ਼ਾਹੀ (-" **ਕਾਇਮੁ ਦਾਇਮੁ ਸਦਾ ਪਾਤਸ਼ਾਹੀ ॥ ਦੋਮ ਨ ਸੋਮ ਏਕ ਸੋ ਆਹੀ** ") ਵਿਚ, ਗੁਰੂ ਨਾਨਕ-ਗੁਰਿਆਈ-ਰੂਪ ਸੱਚੀ ਸਿਰਕਾਰ ਦਾ ਦਰਬਾਰ ਵੀ ਅਜੇਹੀ ਸ਼ਾਹਾਨਾ ਡਿੱਠ ਵਾਲਾ ਬਣਾਇਆ ਕਿ, ਮੁਰਦਾ ਹੋ ਰਹੇ ਮਨੁੱਖ ਦਾ ਆਚਰਨ, ਬਹਾਦਰੀ, ਨਿਡਰਤਾ, ਨਿਰਵੈਰਤਾ ਜਿਹੇ ਸ਼ੁੱਭ ਗੁਣਾ ਦਾ ਭੰਡਾਰ ਬਣਨਾ ਅਰੰਭ ਹੋ ਗਿਆ।(ਪਾਤਸ਼ਾਹੀ ਅਕਾਲ ਦੀ ਹੈ ਪਰ " ਤਖ਼ਤ " ਗੁਰਿ ਪਰਮੇਸ਼ ਦੀ ਆਈ ਦਾ ਹੈ)

ਅਬਿਨਾਸ਼ੀ ਰੱਬ ਅਟੱਲ ਰਾਜ ਦੇ ਸਦੀਵੀ ਵਾਰਸ, ਸਤਿਗੁਰੂ ਨਾਨਕ ਸਾਹਿਬ ਦੀ ਜੋਤਿ-ਜੁਗਤ ਵੀ, ਫਿਰ-" ਸਰਬ-ਕਾਲੀ ਅਥਵਾ ਸਰਬ-ਥਾਨੀ ਸਰੀਰ ਵਾਲੀ ਹੋ ਗਈ।" **ਗ੍ਰਿੰਥ ਰਿਦਾ ਗੁਰ ਕੋ ਇਹ ਜਾਨਹੁ ਉਤਮ ਹੈ ਸਭਿ ਕਾਲ ਰਹੈ ਹੈ** "। ਜਦ ਸਤਿਗੁਰਾਂ ਦੇ ਪੰਜਭੂਤਕ ਸਰੀਰ ਸਮੇ ਕਿਸੇ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਕੋਈ ਫ਼ੁਰਮਾਨ ਜਾਰੀ ਕਰਨ ਦੀ ਵਿਚਾਰ ਵੀ ਮਨ ਵਿਚ ਨਹੀਂ ਸੀ ਆਉਣ ਦਿੱਤੀ, ਤਾਂ ਇਸ ਪਾਵਨ ਤਖ਼ਤ ਸਾਹਿਬ ਦਾ ਵਾਰਸ ਅੱਜ ਵੀ ਆਪਣੇ ਪੰਥ ਵਿਚ ਵਿਆਪਕ ਹੈ। ਸਰਬੱਤ ਖ਼ਾਲਸਾ ਜੀ ਇਸ ਪਾਵਨ " ਤਖ਼ਤ ਸਾਹਿਬ" ਤੇ ਗੁਰਮਤੇ ਤਾਂ ਸੋਧ ਸਕਦੇ ਹਨ, **ਪਰ ਤਖ਼ਤ ਦੀ ਸ਼ਾਹੀ ਮੋਹਰ ਵਾਲਾ ਹੁਕਮਨਾਮਾ ਜਾਰੀ ਕਰਨ ਦੇ ਅਧਿਕਾਰੀ ਕੇਵਲ ਅਤੇ ਕੇਵਲ ਸਤਿਗੁਰੂ ਜੀ ਹੀ ਹਨ।**

ਗੁਰਬਾਣੀ ਦੀ ਜਾਂ ਗੁਰਮਤਿ ਦੀ ਅਵੱਗਿਆ ਕੋਈ ਨਾ ਕਰੇ, ਇਸ ਪ੍ਰਤੀ ਸੁਚੇਤ ਰਹਿਣਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਜੀ ਦਾ ਪ੍ਰਮੁਖ ਫ਼ਰਜ਼ ਹੋਣਾ ਪੰਥਕ ਲੋੜ ਬਣੀ ਆਈ ਹੈ। ਲੋੜ ਪਵੇ ਤਾਂ ਗੁਰੂ-ਬਾਣੀ ਦੇ ਜਿੰਨ੍ਹਾਂ ਪਾਵਨ ਸ਼ਬਦਾਂ ਦੀ ਅਵੱਗਿਆ ਕੀਤੀ ਗਈ ਹੋਵੇ ਉਨ੍ਹਾਂ ਦੇ ਹਵਾਲੇ ਨਾਲ, ਸਿੰਘ ਸਾਹਿਬ ਜੀ ਵਲੋਂ ਲਿਖਿਆ ਪੱਤਰ, ਸਤਿਗੁਰੂ ਜੀ ਦਾ **ਨਿੱਜੀ ਹੁਕਮਨਾਮਾ** ਹੋਣ ਵਿਚ ਕਦੇ ਨਾ ਕਿਸੇ ਨੂੰ ਕਿੰਤੂ ਹੋਵੇਗਾ ਅਤੇ ਨਾ ਹੀ ਕੋਈ ਵਾਦ-ਵਿਵਾਦ ਖੜਾ ਹੋ ਸਕਦਾ ਹੈ। ਝਗੜੇ, ਤਲਖ਼ੀਆਂ ਤੇ ਬੇਚੈਨੀ ਕੇਵਲ ਹੰਕਾਰ ਗ੍ਰਸੀ **ਮਨਮਤਿ** ਹੀ ਖੜੇ ਕਰਦੀ ਹੈ। ਕਿਉਂਕਿ-(ੳ) **ਮਨਮਤਿ ਹਉਲੀ, ਬੋਲੇ ਬੋਲੁ** ॥{੧੫੧} (ਅ) **ਹਉਮੈ ਕਰਤਿਆ ਨਹ ਸੁਖੁ ਹੋਇ ॥ ਮਨ ਮਤਿ ਝੂਠੀ ਸਚਾ ਸੋਇ॥** {੨੨੨} (ੲ) **ਮਨ ਕੀ ਮਤਿ ਮਤਾਗਲੁ ਮਤਾ ॥ ਜੋ ਕਿਛੁ ਬੋਲੀਐ ਸਭੁ ਖਤੋ ਖਤਾ ॥** {੩੫੧} (ਸ) **ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ ॥ ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ ॥** {੮●●} (ਹ) **ਮਨ ਕੀ ਮਤਿ ਤਿਆਗੀਐ ਸਣੀਐ ਉਪਦੇਸੁ ॥ ੧ ॥**{੮੧੪}-ਪਰ ਗੁਰਮਤਿ ਪਿਆਰ ਅਤੇ ਬਿਬੇਕਤਾ ਦਾ ਸੋਮਾ ਹੈ-(ੳ) **ਗੁਰਮਤਿ ਗੁਰਮਤਿ ਗੁਰਮਤਿ ਧਿਆਵਹਿ ਹਰਿ ਗਲਿ ਮਿਲਿ ਮੇਲਿ ਮਿਲਾਵੈਗੋ ॥ ੫ ॥**{੧੩੧੧} (ਅ) **ਮਨਮੁਖ ਮਨੁ ਤਨੁ ਅੰਧੁ ਹੈ ਤਿਸ ਨਉ ਠਉਰੁ ਨ ਠਾਉ ॥ ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈ ਘਰਿ ਕਾਉਂ ॥ ਗੁਰਮਤੀ ਘਟਿ ਚਾਨਣਾ ਸਬਦਿ ਮਿਲੈ ਹਰਿ ਨਾਉ ॥**{੩●} (ੲ) **ਗੁਰਮਤਿ ਖੋਜਿ ਲਹਹੁ ਘਰੁ ਅਪਨਾ ਬਹੁੜਿ ਨ ਗਰਭ ਮਝਾਰਾ ਹੇ ॥ ੪ ॥**{੧●੩●} (ਸ) **ਗੁਰਮਤਿ ਛੋਡਹਿ ਉਝੜਿ ਜਾਈ ॥ ਮਨਮੁਖਿ ਰਾਮੁ ਨ ਜਪੈ ਅਵਾਈ ॥ ਪਚਿ ਪਚਿ ਬੂਡਹਿ ਕੂੜੁ ਕਮਾਵਹਿ ਕੂੜਿ ਕਾਲੁ ਬੈਰਾਈ ਹੇ ॥ ੧੫ ॥**{੧●੨੪} (ਹ) **ਬਿਖੁ ਸੇ ਅੰਮ੍ਰਿਤ ਭਏ ਗੁਰਮਤਿ ਬੁਧਿ ਪਾਈ ॥ ਅਕਹੁ ਪਰਮਲ ਭਏ ਅੰਤਰਿ ਵਾਸਨਾ ਵਸਾਈ** ॥੫॥{੫੯੫} ਗੁਰੂ ਸ਼ਬਦਾਂ ਦੇ ਹਵਾਲੇ ਨਾਲ ਲਿਖਿਆ ਹੁਕਮਨਾਮਾ, ਤਖ਼ਤ-ਚਵਰ ਦੇ ਸਦੀਵੀ ਵਾਲੀ, ਅਕਾਲਪੁਰਖ ਦੇ ਨੁਮਾਇੰਦੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਫ਼ੁਰਮਾਨ ਹੈ ਅਥਵਾ ਗੁਰਮਤਿ ਹੈ, ਪਰ ਗੁਰੂ ਬਾਣੀ ਦੀ ਓਟ ਤੋਂ ਬਿਨਾ ਹਰ ਲਿਖਤ, ਹਰ ਗੱਲ, ਮਨਮਤਿ ਹੈ।

ਅਪਾਰ ਘਾਲਣਾ ਅਤੇ ਅਦੁਤੀ ਕੁਰਬਾਨੀਆਂ ਦੁਆਰਾ ਸੰਸਾਰ ਨੂੰ ਪ੍ਰਾਪਤ ਹੋਇਆ ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਗਿਆਨ ਵੈਰੀਆਂ ਦੇ ਹੱਲਿਆਂ ਤੋਂ ਬਚਾਉਣ ਦੀ ਜੇ, ਸੱਚੇ ਦਿਲੋਂ ਲੋਚਨਾ ਹੈ, ਤਾਂ ਸੁਹਿਰਦਤਾ ਨਾਲ ਪੱਕੀ ਤਰ੍ਹਾਂ ਜਾਣ ਲਈਏ ਕਿ, ਗੁਰੂ ਸ਼ਬਦਾਂ ਦੇ ਅਧਾਰ ਤੋਂ ਬਿਨਾਂ ਹਰ ਆਦੇਸ਼ ਮਨ-ਮਤਿ, ਅਥਵਾ (ਮਨਮੁਖਤਾ ਗ੍ਰਸੀ) ਹਉਮੈ ਹੈ ਜੋ ਸਰਬ ਵਿਕਾਰਾਂ ਦੀ ਜਨਮ ਦਾਤੀ ਹੈ। ਹੰਕਾਰ ਗ੍ਰਸੇ ਅਥਵਾ ਮਨ ਮਤੀ ਹੁਕਮਨਾਮਿਆਂ ਤੋਂ ਪੰਥ ਵਿਚ ਧੜੇ ਬੰਦੀ ਉਪਜਦੀ ਅਤੇ ਪਰਫੁੱਲਤ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚੋਲਗੀ ਹੀ, ਪੰਥ ਵਿਚਲੇ ਧੜੇਬੰਦੀ ਸਮਾਪਤ ਕਰਨ ਜੋਗ ਹੈ। ਖ਼ਸਮ-ਸਤਿਗੁਰੂ ਨੂੰ ਛੱਡ ਬਹਿਣਾ ਖੂਹ-ਖਾਤੇ ਵਿਚ ਛਾਲ ਮਾਰਨ ਤੁੱਲ ਹੈ, " **ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ** "।

(੭) ਲੰਮੀ ਅਤੇ ਕਰੜੀ ਘਾਲਣਾ ਦੁਆਰਾ ਕੀਤੀ ਖੋਜ ਤੋਂ ਦਾਸ ਦੀ ਬੁੱਧੀ ਨੇ ਨਿਸਚਾ ਕਰ ਲਿਆ ਕਿ, ਸ੍ਰੀ ਦਸਮ ਗ੍ਰੰਥ ਸਾਹਿਬ ਦੀਆਂ (ਕੁਝ) ਬਾਣੀਆਂ, ਸ੍ਰੀ ਗੁਰੂ ਨਾਨਕ ਸਾਹਿਬ ਜੀ ਸਦੀਵੀ ਜੋਤਿ ਦੀ ਸਦੀਵੀ ਵਿਆਪਕਤਾ ਦੇ ਅਟੁੱਟ ਵਿਸ਼ਵਾਸ਼ ਤੋਂ, ਜੋ ਬਰਕਤਾ ਖ਼ਾਲਸਾ ਜੀ ਨੂੰ ਪਰਾਪਤ ਸਨ ਉਨ੍ਹਾਂ ਤੋਂ, ਪੰਥ ਨੂੰ ਵਾਂਜਿਆ ਕਰਕੇ, ਕੇਵਲ ਅਕਾਲ ਦੇ ਪੁਜਾਰੀ ਗੁਰਸਿੱਖਾਂ ਦੇ ਮਨ ਵਿਚ, ਅਨੇਕਤਾ ਦੀ ਪੂਜਾ ਦੀ ਰੁਚੀ ਪੈਦਾ ਕਰਕੇ, ਬੜੀ ਸਫ਼ਲਤਾ ਨਾਲ (ਖ਼ਾਲਸਾ ਪੰਥ ਨੂੰ) ਬਿੱਪ੍ਰ ਵਾਦ ਦੀ ਝੋਲੀ ਵਿਚ ਪਾਈ ਜਾ ਰਹੀਆਂ ਹਨ।

**ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥** **ਇਸ ਘਰ ਕੋ ਆਗ ਲਗੀ ਘਰ ਕੇ ਚਿਰਾਗ਼ ਸੇ**

ਪਰ ਨਾਲ ਹੀ ਮਨ ਨੂੰ ਇਸ ਭੈ ਨੇ ਆ ਦਬਾਇਆ ਕਿ, ਸ੍ਰੀ ਦਸਮ ਗ੍ਰੰਥ ਜੀ ਦੀਆਂ ਖ਼ੁਨਾਮੀਆਂ ਵਲ ਧਿਆਨ ਦਿਵਾਉਣ ਵਾਲੇ ਹਰ ਸੁਹਿਰਦ ਅਤੇ ਪੰਥ ਦੇ ਸੱਚੇ ਹਿਤੇਸ਼ੀ ਨੂੰ ਤਾਂ, ਸਦਾ ਹੀ ਖੱਜਲ ਖ਼ੁਆਰ ਕੀਤਾ ਜਾਂਦਾ ਰਿਹਾ ਹੈ ? ਫਿਰ, ਮੈਂ ਕੋਣ ਹਾਂ ਸਚ ਸਾਹਮਣਿਉਂ ਝੂਠ ਦੀ ਏਡੀ ਸਤਿਕਾਰਤ " ਪਾਲਿ ' ਲਾਂਭੇ ਕਰਨ ਦੀ ਦਲੇਰੀ ਕਰਨ ਵਾਲਾ ? ਅੰਦਰੋਂ ਜ਼ੋਰਦਾਰ ਨਗਾਰਾ ਖੜਕਿਆ-"**ਨਿਰਭਉ ਸੰਗਿ ਤੁਮਾਰੈ ਬਸਤੇ, ਇਹੁ ਡਰਨੁ ਕਹਾ ਤੇ ਆਇਆ** " **ਸੱਚ ਦਾ ਸੁਨੇਹਾ ਦੇਣ ਵਾਲਿਆਂ ਸਦਾ ਹੀ ਮੌਤ ਦੇ ਮੂੰਹ ਵਿਚ ਸੁਟਿਆ ਜਾਂਦਾ ਰਿਹਾ ਹੈ।ਪਰ ਸਚੁ ਦੇ ਪੈਰ ਕਦੇ ਨਹੀਂ ਥਿੜਕੇ।** ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੀ ਛਤਰ ਛਾਂ ਹੇਠ ਸ੍ਰੀ ਬਚਿੱਤਰ ਨਾਟਕ ਬਾਰੇ ਗੁਰਮਤਿ ਵਿਚਾਰਾਂ ਲਿਖ ਕੇ ੧ ਮਈ ੧੯੯੭ ਨੂੰ ਗਿ: ਸੁਰਜੀਤ ਸਿੰਘ ਜੀ ਸਕੱਤਰ **SGPC** ਦੀ ਰਾਹੀਂ, ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਾਹਿਬ ਜੀ ਦੀ ਸੇਵਾ ਵਿਚ ਭੇਜ ਕੇ ਗੁਰਮਤਿ ਸੇਧਾਂ ਦੀ ਬਖ਼ਸ਼ਸ਼ ਲਈ ਜੋਦੜੀ ਲਿਖ ਭੇਜੀ। ਪੰਥ ਦੀ ਸਿਰਮੋਰ ਧਾਰਮਿਕ ਜਥੇਦਾਰੀ ਦੇ ਸਾਰੇ ਮਹਲਾਂ ਦੇ ਦਰ ਖੜਕਾਏ ਪਰ ਕਿਤੋਂ ਵੀ ਗੁਰਮਤਿ ਸੇਧਾਂ ਦੀ ਭਿਖਿਆ ਨਾ ਪਈ। ੯ ਜਨਵਰੀ ੧੯੯੯ ਅੰਤਮ ਚਿੱਠੀ ਉਸ ਸਮੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿੰਘ ਸਾਹਿਬ, ਭਾਈ ਰਣਜੀਤ ਸਿੰਘ ਜੀ ਦੀ ਸੇਵਾ ਵਿਚ ਜੋ ਬੇਨਤੀ ਪੱਤਰ ਭੇਜਿਆ ਸੀ, ਉਸ ਦਾ ਉਤਾਰਾ ਇਸ ਬੇਨਤੀ ਪੱਤਰ ਦੇ ਨਾਲ ਨੱਥੀ ਹੈ। ਕਿਸੇ ਪਾਸਿਉਂ ਜਦ ਕੋਈ ਉੱਤਰ ਨਾ ਆਇਆ ਤਾਂ ਖਰੜੇ ਛਪਾਈ ਲਈ ਭੇਜ ਦਿੱਤੇ।

ਛਪੀ ਹੋਈ ਪੁਸਤਕ **Release** ਕਰਨ ਤੋਂ ਪਹਿਲਾਂ " ਸ੍ਰੀ ਅਕਾਲ ਸਹਾਇ ਸੁਸਾਇਟੀ Rgt ਅੰਮ੍ਰਿਤਸਰ ਰਾਹੀਂ, **ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ (ਭਾਗ ਦਸਵਾਂ) ਬਚਿੱਤ੍ਰ ਨਾਟਕ ਗੁਰਬਾਣੀ ਦੀ ਕਸਵੱਟੀ ਤੇ** " ਆਪ ਜੀ ਦੀ ਭੇਟਾ ਕੀਤੀ ਗਈ ਹੈ। ਦਾਸ ਨੇ ਹਰ ਵਿਸ਼ੇ ਨੂੰ ਗੁਰਮਤਿ ਦੀ ਕਸਵੱਟੀ ਤੇ ਪਰਖਣ ਸਮੇ ਘੱਟੋ ਘੱਟ ਪੰਜ ਗੁਰੂ ਫ਼ੁਰਮਾਨ ਲਿਖੇ ਹਨ। ਆਪ ਜੀ ਦੀ ਹਜ਼ੂਰੀ ਵਿਚ ਬੇਨਤੀ ਹੈ ਕਿ, ਕੋਈ ਗੁਰਮਤਿ ਵਿਰੋਧੀ ਗੱਲ ਲਿਖੀ ਗਈ ਹੋਵੇ ਤਾਂ ਦਾਸ ਵਾਂਗ ਹੀ, ਗੁਰੂ ਸ਼ਬਦਾਂ ਦੀ ਛਾਂ ਹੇਠ ਲਿਖ ਭੇਜਿਆ ਆਦੇਸ਼, ਸਤਿਗੁਰੂ ਜੀ ਦਾ ਨਿੱਜੀ ਫ਼ੁਰਮਾਨ ਮੰਨ ਕੇ ਪਾਲਣਾ ਕੀਤੀ ਜਾਵੇਗੀ।

ਪਰ ਜੇ ਸ੍ਰੀ ਦਮਸ ਗ੍ਰੰਥ ਸਾਹਿਬ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਚੈਹਰੀ ਵਿਚ ਲੈ ਜਾਣ ਤੋਂ, ਬਿਨਾ ਕਿਸੇ ਗੁਰਮਤਿ ਦਲੀਲੀ ਦੇ ਹੀ ਰੋਕਿਆਂ ਜਾਣਾ ਹੈ, ਤਾਂ, ਹੇਠ ਲਿਖੇ ਸ਼ੰਕੇ ਨਵਿਰਤ ਕਰਨੇ ਨਿਆਂ ਦੀ ਮੰਗ ਹੈ--

(a) gurU pMQ vloN jwrI is`K rihq mrXwdw dy **gurduAwry** isrlyK dy (h) Bwg ivc sRI gurU gRMQ swihb jI ƒ hI srb sRySt iliKAW hox dw ArQ kI hY ?

(A) jy AsW sRI gurU gRMQ swihb jI dy hukmW dI pwlxw krn dy QW aunHW dI isiKAw dI KMfxw vwly gRMQ dI bwxI dw pUjw pwT Aqy siqkwr sgoN siqgurU nwnk swihb dI joiq jugiq dy sdIvI mwlk, sRI gurU gRMQ swihb jI nwloN vI vDw lYxw (KMfy bwty dw AMimRq iqAwr krn smy dI bwxIAW ivc 2 / 3 dw Anupwq) sI qW, aunHW dI guirAweI kI, iek frwmw hI hY jI ?

(e) sRI gurU gRMQ swihb jI dw hukm-**joiq Ehw jugiq swie sih kwieAw Pyr pltIAY**--Aqy vwr 26 dI pauVI 31 ivc BweI gurdws jI dw kQn-(dunIAwvw pwiqswhu.........**dwid ielwhI ] 31 )** kI, sB kuJ ArQ hIn ? kI, gurmiq ivroDI pusqkW ilKx dI Ku~lH hY?

(s) iPr, pMQ dw ieh hokw-" jb lg ^wlsw rhY inAwrw [ qb lg qyj dIE mYN swrw ] jb ieh ghY ib`pRn kI rIq [ mY nw kroN ien kI prqIq ] kI, ienswnIAq nwl iek DRoh hI ho irhw hY ?

(h) BwvyN 300 swlW ip`CoN hI shI, pr jd ieh pqw l~g jwvy ik swfw byVw bMny ies krky nhIN l~g irhw ikauNik iksy vYrI ny r`sy pw ky ies ƒ ipCly iknwry vl ƒ DUxw SurU kIqw hoieAw hY, qW kI, aunHW r~isAW ƒ vF ky vgwh mwrn nwloN mMJDwr ivc fu~b mrnw hI isAwxp hY jI ?

ਦੋ, ਮਹੀਨੇ ਤੱਕ ਆਪ ਜੀ ਵਲੋਂ ਵੀ ਉਪ੍ਰੋਕਿਤ ਸੰਕਿਆਂ ਬਾਰੇ ਕਰਮ ਵਾਰ ਸੇਧ ਪੱਤਰ ਨਾ ਆਇਆ ਤਾਂ ਸਮਝਿਆਂ ਜਾਵੇਗਾ ਕਿ, ਆਪ ਜੀ ਦਾਸ ਦੇ ਲਿਖੇ ਨਾਲ ਸਹਿਮਤ ਹੋ।

ਅਲਪ ਬੁੱਧੀ ਅਗਿਆਨੀ ਦਾਸਰੇ ਕੋਲੋਂ ਹੋਈਆਂ ਭੁੱਲਾਂ ਵਲ ਨਾ ਜਾਂਦੇ ਹੋਏ, ਗੁਰਮਤਿ ਸੇਧਾਂ ਬਖ਼ਸ਼ਸ਼ ਕਰਨ ਦੀ ਕਿਰਪਾਲਤਾ ਕਰਨੀ ਜੀ।
ਗੁਰਮਤਿ ਅਨੁਸਾਰ ਜੀਵਨ ਜੀਊਂ ਰਹੇ ਗੁਰਮੁਖਿ ਪਿਆਰਿਆਂ ਦੀ ਚਰਨ-ਧੁੜ- ਦਾਸਰਾ

ਗੁਰਬਖ਼ਸ਼ ਸਿੰਘ

**Address:-**
**11442-86/A Avenue Delta BC V4C-2Y8 C A N A D A**
Tel--(604) 502-8053

Annexture:--

(੧) ੪ ਸਫ਼ਿਆਂ ਦੇ ਇਸ ਬੇਨਤੀ ਪੱਤਰ ਦੇ ਨਾਲ ਮਿਤੀ ੯ ਜਨਵਰੀ ੧੯੯੯ ਨੂੰ ਉਸ ਸਮੇਂ ਦੇ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਦੀ ਸੇਵਾ ਵਿਚ ਭੇਜੀ ਪ੧ਵੇਂ ਸਫ਼ੇ ਵਾਲੀ ਚਿੱਠੀ --੧ ਵਰਕਾ

(੨) ੨੧ ਜਨਵਰੀ ੧੯੯੯ ਨੂੰ ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਜੀ ਦੀ ਸੇਵਾ ਵਿਚ ਭੇਜੀ, ਪ੬ ਤੋਂ ੬੩ ਸਫ਼ੇ ਤੱਕ--੪ ਵਰਕੇ। ਕੁਲ ੧੧ ਸਫ਼ੇ-= ੬ ਵਰਕੇ ।

ੴ ਸਤਿਗੁਰ ਪ੍ਰਸਾਦਿ ॥
ਨਾ ਮੈ ਕੁਲੁ ਨਾ ਸੋਭਾਵੰਤ ॥ ਕਿਆ ਜਾਨਾ ਕਿਉ ਭਾਨੀ ਕੰਤ ॥

ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥ ਇਸ ਘਰ ਕੋ ਆਗ ਲਗੀ ਘਰ ਕੇ ਚਿਰਾਗ਼ ਸੇ

ਮੋਹਿ ਅਨਾਥ ਗਰੀਬ ਨਿਮਾਨੀ ॥ ਕੰਤ ਪਕਰਿ ਹਮ ਕੀਨੀ ਰਾਨੀ ॥੩॥{੩੯੪}

**November- 10- 1999.**

## ਗੁਰਮੁਖਿ ਪਿਆਰੇ, ਸਿੰਘ ਸਾਹਿਬ ਕੇਵਲ ਸਿੰਘ ਜੀਓ !

**ਵਾਹਿਗੁਰੂ ਜੀ ਕਾ ਖ਼ਾਲਸਾ । ਵਾਹਿਗੁਰੂ ਜੀ ਕੀ ਫ਼ਤਹਿ ॥**

**ਕੇਂਦਰੀ ਜਥੇਦਾਰੀ ਦੀ ਸੇਵਾ ਵਿਚ ਪਹਿਲੀ ਚਿੱਠੀ ੧੯੯੮ ਵਿਚ** {ਉਸ ਸਮੇ ਸ੍ਰੀ ਅਕਾਲ ਤੱਖ਼ਤ ਸਾਹਿਬ ਦੇ **ਮਾਲਕ** ( ਅੱਜ ਕੱਲ ਸੇਵਾਦਾਰ ਤਾਂ ਸ਼ਾਇਦ ਹੀ ਕਦੇ ਕੋਈ ਆਇਆ ਹੋਵੇ ?) ਬਣੇ ਪ੍ਰੋ:ਦਰਸ਼ਨ ਸਿੰਘ ਜੀ ਦੀ ਸੇਵਾ ਵਿਚ} ਲਿਖੀ ਸੀ। ਉਪ੍ਰੰਤ ਤੁਹਾਨੂੰ ਲਿਖੇ ਜੋਦੜੀ ਪੱਤਰਾਂ ਤੋਂ ਪਹਿਲਾਂ ਲਿਖੀਆਂ ਚਿੱਠੀਆਂ ਦੀ ਅੱਡਰੀ ਪੁਸਤਕ ਛਪਵਾਉਣ ਦਾ ਮਨ ਬਣ ਰਿਹਾ ਹੈ। ਕਿਸੇ ਧਿਰੋਂ ਮਾੜਾ ਮੋਟਾ ਹੁੰਗਾਰਾ ਤੱਕ ਕਦੇ ਨਹੀਂ ਸੀ ਪੁੱਜਾ। ਜਿਸ ਪੰਥ ਦੇ ਗੁਰੂ ਦੀ ਆਪਣੀ ਮਹਿਮਾ ਕਿਸੇ ਅਸਥਾਨ ਤੇ ਨਿਰਭਰ ਬਣਾ ਦਿਤੀ ਗਈ ਹੋਵੇ ਉਸ ਗੁਰੂ ਦੇ ਪੰਥ ਦਾ ਗੌਰਵ ਵੀ ਕੇਵਲ ਜਥੇਦਾਰਾਂ ਦੀ ਜ਼ਬਾਨ ਤਕ ਹੀ ਸੁੰਗੜ ਚੁੱਕਾ ਹੋਣਾ ਕੁਦਰਤੀ ਗੱਲ ਹੈ। ਕਿਸੇ ਸੁਹਿਰਦ ਪੰਥ ਦਰਦੀ ਦੀ ਕਿਸੇ ਪੁੱਛ ਦਾ ਹੁੰਗਾਰਾ ਤਕ ਵੀ ਨਾ ਭਰਨਾਂ ?

ਯਕੀਨ ਪੱਕਾ ਹੁੰਦਾ ਜਾ ਰਿਹਾ ਸੀ ਕਿ ਆਮ ਸਿੱਖ ਦਾ ਕੀ ਕਸੂਰ, ਜਦ " ਦਾਵਾ ਅਗਨੀ ਨੇ ਜਥੇਦਾਰੀ ਦਾ ਸਾਰਾ ਬਾਗ ਹੀ ਸਾੜ ਕੇ ਸੁਆਹ ਕਰ ਦਿੱਤਾ ਹੋਇਆ ਹੈ। ਪਰ ਅਚਨਚੇਤ ਪਰਸੋਂ ਫੋਨ ਤੇ ਜਦ ਕਾਕਾ ਇੰਦਰਬੀਰ ਸਿੰਘ ਨੇ ਆਪ ਜੀ ਵਲੋਂ ਪੁੱਜੀ ਚਿੱਠੀ ਦਾ ਜ਼ਿਕਰ ਕੀਤਾ ਤਾਂ ਹਿਰਦਾ ਖ਼ੁਸ਼ੀ ਨਾਲ ਭਰ ਗਿਆ। " ਕ੍ਰੋੜਾ ਦੀ ਲਾਟਰੀ ਨਿਕਲ ਆਉਣ ਵਾਲੀ ਖ਼ਬਰ ਸੁਣਾਉਣ ਵਾਲੇ ਬੇਟਾ ਜੀਓ ! ਤੁਹਾਡੇ ਕਰਮਾ ਵਾਲੇ ਮੂੰਹ ਵਿਚ ਘਿਉ ਖੰਡ ! ਉਹ ਅਨਮੋਲ ਸੁਗ਼ਾਤ **Fax** ਰਹੀ ਹੁਣੇ ਭੇਜ ਦਿਉ "- **ਪੰਚਮ ਗੁਰੂ ਨਾਨਕ ਸਾਹਿਬ ਜੀ ਦੇ ਫ਼ੁਰਮਾਨ--**

**ਮੋਹ ਮਲਨ ਨੀਦ ਤੇ ਛੁਟਕੀ ਕਉਨੁ ਅਨੁਗ੍ਰਹੁ ਭਇਓ ਰੀ ॥ ਮਹਾ ਮੋਹਨੀ ਤੁਧੁ ਨ ਵਿਆਪੈ ਤੇਰਾ ਆਲਸੁ ਕਹਾ ਗਇਓ ਰੀ ॥੧॥ਰਹਾਉ॥ ਕਾਮੁ ਕ੍ਰੋਧੁ ਅਹੰਕਾਰੁ ਗਾਖਰੋ ਸੰਜਮਿ ਕਉਨ ਛੁਟਿਓ ਰੀ ॥ ਸੁਰਿ ਨਰ ਦੇਵ ਅਸੁਰ ਤ੍ਰੈ ਗੁਨੀਆ ਸਗਲੋ ਭਵਨੁ ਲੁਟਿਓ ਰੀ ॥੧॥ ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ॥ ਐਸੋ ਸਮਰਥੁ ਵਰਨਿ ਨ ਸਾਕਉ ਤਾ ਕੀ ਉਪਮਾ ਜਾਤ ਨ ਕਹਿਓ ਰੀ ॥੨॥ ਕਾਜਰ ਕੋਠ ਮਹਿ ਭਈ ਨ ਕਾਰੀ ਨਿਰਮਲ ਬਰਨੁ ਬਨਿਓ ਰੀ ॥ ਮਹਾ ਮੰਤ੍ਰੁ ਗੁਰ ਹਿਰਦੈ ਬਸਿਓ ਅਚਰਜ ਨਾਮੁ ਸੁਨਿਓ ਰੀ ॥੩॥ ਕਰਿ ਕਿਰਪਾ ਪ੍ਰਭ ਨਦਰਿ ਅਵਲੋਕਨ ਅਪੁਨੈ ਚਰਣਿ ਲਗਾਈ ॥ ਪ੍ਰੇਮ ਭਗਤਿ ਨਾਨਕ ਸੁਖੁ ਪਾਇਆ ਸਾਧੂ ਸੰਗਿ ਸਮਾਈ ॥੪॥੧੨॥੫੧॥** "

ਦੀ ਮਹੱਤਤਾ ਦੀ ਠੀਕ ਠੀਕ ਸਮਝ ਆ ਗਈ। ਗੋਰ ਕਿਨਾਰੇ ਪੁੱਜੇ ਇਸ ਨਿਮਾਣੇ ਬੁਢੜੇ ਦਾ ਹੌਸਲਾ ਚਿਠੀਆਂ ਦੁਆਰਾ ਵਧਾ ਰਹੇ ਗੁਰਮੁਖਿ ਪਿਆਰੇ, ਸਤਿਗੁਰਾਂ ਦੇ ਲਾਡਲੇ ਸਪੁੱਤਰ ਮੇਰੇ ਸੁਹਿਰਦ ਸੱਜਣ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਜੀਓ ! ਵਾਹਿਗੁਰੂ ਆਪ ਜੀ ਨੂੰ ਬਲ ਬਖ਼ਸ਼ਸ਼ ਕਰਨ ਕਿ ਤੁਸੀ ਪੰਥ ਦਾ ਮੁਖੜਾ ਮੁੜ ਓਵੇਂ ਦਾ ਹੀ ਨੂਰਾਨੀ ਬਣਾ ਸਕੋ, ਜਿਸ ਤੇ ਕਦੇ ਦਸਮ ਸਤਿਗੁਰੂ ਨਾਨਕ ਜੀ ਦੀਆਂ ਖ਼ੁਸ਼ੀਆਂ ਨਿਛਾਵਰ ਹੋਈਆਂ ਸਨ।

**੨-** ਦਾਸ ਦੇ ਹੱਥੋਂ ਲਿਖਵਾਈਆਂ ਅੱਠੇ ਪੁਸਤਕਾਂ ਜੇ ਵਾਕਿਆ ਹੀ ਆਪ ਜੀ ਦੀ ਪਰਖ ਵਿਚ ਪੂਰੀਆਂ ਹਨ ਤਾਂ ਇਨਾਂ ਦੇ ਵਾਲੀ ਬਣੋ। ਅੱਠ ਪੁਸਤਕਾਂ ਛਪ ਚੁਕੀਆਂ ਹਨ ਅਤੇ ਪੰਜਾਂ ਦੇ ਖਰੜੇ ਲਗ-ਪਗ ਤਿਆਰ ਹਨ। ਦਿਨੋ ਦਿਨ ਵਧ ਰਹੀ ਮੰਗ ਨਾਲ ਮਾਇਆ ਦੀ ਬਾਰਸ਼ ਵਿਚ ਨਿਰੰਤਰ ਵਾਧਾ ਹੁਦਾ ਰਹਿਣ ਦੀ ਆਸ ਹੈ। ਅਜੇਹਾ ਪ੍ਰਬੰਧ ਕਰ ਦਿਉ ਕਿ, ਇਹ ਸਾਰੀ ਮਾਇਆ ਸਿੱਖ ਜਗਤ ਨੂੰ ਸਤਿਗੁਰੂ ਜੀ ਦੇ ਅਸਲ ਸਿਧਾਂਤ ਨਾਲ ਜੋੜਨ ਦੇ ਕੰਮ ਆਵੇ । ਕਾਕਾ ਇੰਦਰਬੀਰ ਸਿੰਘ ਵੀ ਕੈਨੇਡਾ ਆ ਰਿਹਾ ਹੈ। ਗ੍ਰਿਫ਼ਤਾਰੀ ਦੇ ਡਰੋਂ ਦਾਸ ਦੇਸ਼ ਨਹੀਂ ਪਰਤ ਸਕਦਾ । ਜੇ ਚਾਹੋਗੇ ਤਾਂ ਦਾਸ ਸਮਝਾ ਦੇਵੇਗਾ ਕਿ ਪੰਜਾਬ ਸਰਕਾਰ ਨੇ ਦਾਸ ਦੇ ਵਾਰੰਟ ਕਿਸ ਦੋਸ਼ ਵਿਚ ਕੱਢੇ ਹੋਏ ਹਨ। ਗੁਰਮੁਖ ਪਿਆਰੇ ਜਸਵਿੰਦਰ ਸਿੰਘ ਜੀ ਐਡਵੋਕੇਟ ਨਾਲ ਵੀ ਵਿਚਾਰ ਹੋਈ ਸੀ। ਜਾਂ ਇਸ ਸੁਸਾਇਟੀ ਦੇ ਸਰਪਰੱਸਤ ਤੁਸੀਂ ਆਪ ਬਣ ਜਾਉ ਜਾਂ ਯਤਨ ਕਰਕੇ ਪੁਸਤਕਾਂ ਸ਼ੋਮਣੀ ਕਮੇਟੀ ਨੂੰ ਲੈਣ ਲਈ ਟਰਾਜ਼ੀ ਕਰੋ। ਇਸ ਬਾਰੇ ਨਿੱਜੀ ਧਿਆਨ ਦੇ ਕੇ ਦਾਸ ਨੂੰ ਧਨਵਾਦੀ ਬਣਾਉ। ਭਾਵੇ, ਜਥੇਦਾਰੀ ਵੀ ਇਤਿਹਾਸ ਦਾ ਹਿੱਸਾ ਬਣਦੀ ਹੈ ਪਰ, ਗੁਰ ਉਪਦੇਸ਼ ਨੂੰ ਅੱਗੇ ਤੋਂ ਅੱਗੇ ਚਲਾਉਣ ਦੀ ਸੇਵਾ ਕਰਨ ਵਾਲੇ ਲਈ ਸਤਿਗੁਰੂ ਜੀ ਦਾ ਫ਼ੁਰਮਾਨ ਅਨੋਖੀਆਂ ਬਰਕਤਾ ਪਰਦਾਨ ਕਰਦਾ ਹੈ-

**ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥**
**ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥੮॥੨॥੯॥ {੪੪੪}**

**ਦਾਸ ਨੇ ਤਾਂ ਲਿਖਿਆ ਹੀ ਹੈ ਧੰਨਤਾ ਜੋਗ ਉਹ ਹਨ ਜੋ ਲੋਕਾਂ ਤੱਕ ਪੁਚਾ ਰਹੇ ਹਨ।**

**੩-** ਕਈ ਤਰ੍ਹਾਂ ਦਾ ਦੁਖ ਸੁਖ ਆਪ ਜੀ ਨਾਲ ਸਾਂਝਾ ਕਰਨਾ ਹੈ। ਦਾਸ ਨੇ ਸਾਰੀਆਂ ਚਿੱਠੀਆਂ ਤੇ ਆਪਣਾ Mailing Address ਲਿਖਿਆ ਹੁੰਦਾ ਹੈ ਕਿਰਪਾ ਸਹਿਤ ਚਿੱਠੀ ਸਿੱਧੀ ਦਾਸ ਦੇ ਪਤੇ ਤੇ ਹੀ ਭੇਜਿਆ ਕਰੋ।ਯਕੀਨ ਬਣਾ ਲਵੋ ਕਿ ਇਹ ਦਾਸਰਾ ਆਪ ਜੀ ਦੇ ਹਰ ਸੁਝਾ ਦੀ ਦਿਲੋਂ ਕਦਰ ਕਰਦਾ ਰਹੇਗਾ ਅਤੇ ਛਪਵਾਇਆਂ ਜਾਣ ਵਾਲੀ ਪੁਸਤਕ ਦਾ ਖਰੜਾ ਆਪ ਜੀ ਦੀ ਪਰਵਨਗੀ ਲਈ ਪਹਿਲਾਂ ਤੁਹਾਡੇ ਕੋਲ ਪਜਿਆ ਕਰੇਗਾ।

**੪-** ਆਪ ਜੀ ਦੀ ਸੇਵਾ ਵਿਚ ਭੇਜੇ ਲੇਖਾਂ ਦਾ ਵੇਰਵਾ:- (੧) ਦਾਸ ਦੀ ਤੁਛ ਬੁੱਧੀ ਨੇ ਪੰਥਕ ਰਹਿਤ ਮਰਯਾਦਾ ਦੇ ਖਰੜੇ ਨੂੰ ਬ੍ਰਾਹਮਣੀ ਸੋਚ ਦੀ ਉਪਜ ਕਿਸ ਕਾਰਨ ਮੰਨ ਲਿਆ ? ਉਸ ਬਾਰੇ ਦਾਸ ਨੇ ਗੁਰਮਤਿ ਵਿਚਾਰਾਂ ਲਿਖ ਕੇ ੧੯੯੭ ਵਿਚ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਭੇਜਣੀਆਂ ਅਰੰਭ ਕੀਤੀਆਂ

ਪਰ ਕੋਈ ਉੱਘ ਸੁੱਘ ਨਹੀਂ। ਉਸ ਚਿੱਠੀ-ਰੂਪ ਲੇਖ ਦਾ ਉਤਾਰਾ (੨) **ਤਖ਼ਤ ਸਾਹਿਬਾਨ ਅਤੇ ' ਹੁਕਮਨਾਮਿਆਂ ' ਬਾਰੇ " ਸ਼ਬਦ ਗੁਰੂ-ਬਾਣੀ ਦਾ ਨਿਰਣਾਉ ". (੩) " ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਸਵੱਟੀ ਤੇ ਸ੍ਰੀ ਦਸਮ ਗ੍ਰੰਥ ਜੀ ਅੱਡਰੀ ਪੁਸਤਕ ਲਿਖਣ ਦੀ ਲੋੜ ਦਾ ਪਿਛੋਕੜ ॥ "** ਇਨ੍ਹਾਂ ਤਿੰਨ ਲੇਖਾਂ ਵਿਚੋਂ ਅਜੇ ਛਪਾਈ ਲਈ ਕੋਈ ਨਹੀਂ ਭੇਜਿਆ। ਸਮਾ ਮਿਲਣ ਤੇ ਵਾਚ ਲੈਣੇ।

**" ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ ॥** " ਆਪ ਜੀ ਨਾਲ ਸਾਂਝ ਗੁਰਮੁਖਿ ਸਪੁੱਤਰ ਦੇ ਰੂਪ ਵਾਲੀ ਲੋੜਦਾ ਹਾਂ। ਸੋ ਇਹ ਕਦੇ ਸ਼ੱਕ ਵੀ ਨਾ ਕਰਨਾ ਕਿ ਅਗੇ ਤੋਂ ਤੁਹਾਡੀ ਮਰਜ਼ੀ ਬਿਨਾ ਕੋਈ ਗਲ ਕਿਸੇ ਦੂਜੇ ਕੋਲ ਪੁਜ ਸਕੇ। ਹਰ ਵਿਸ਼ੇ ਬਾਰੇ ਆਪ ਜੀ ਆਪਣੇ ਵਿਚਾਰ ਖੁਲ੍ਹ ਕੇ ਲਿਖਦੇ ਰਿਹਾ ਕਰੋ। ਦਾਸ ਅਤੀਅੰਤ ਖ਼ੁਸ਼ ਹੋਣ ਦੇ ਨਾ ਦਿਲੋਂ ਆਪ ਜੀ ਦਾ ਰਿਣੀ ਰਹੇਗਾ ਜੀ। ਲੋੜ ਅਨੁਸਾਰ ਲੋੜੀਦੀ ਸੋਧ ਦਾਸ ਵੀ ਲ਼ਿਖ ਭੇਜਿਆ ਕਰੇਗਾ।

**੫-** ਰਬ ਕਰੇ ਗ਼ਲਤ ਹੋਵੇ, ਚੰਗੇ ਭਲੇ ਵਿਦਵਾਨ ਸਿੱਖ ਦੁਅਰਾ ਫੇਲਾਈ ਖ਼ਬਰ ਕਿ, ਉਸ ਕੋਲ ਆਪ ਜੀ ਦਾ ਉਹ ਫੋਟੋ ਹੈ ਜਿਸ ਵਿਚ ਤੁਸੀਂ ਹਜ਼ੂਰ ਸਹਿਬ ਵਿਖੇ ਸ੍ਰੀ ਦਸਮਗ੍ਰੰਥ ਦੇ ਅਖੰਡਪਾਠ ਸਮੇ ਨਾਰੀਅਲ ਤੋੜ ਰਹੇ ਹੋ। ਤੁਹਾਡੇ ਜਿਹਾ ਸੁਹਿਰਦ ਅਤੇ ਸ਼ੀਸ਼ੇ ਵਰਗੇ ਸਾਫ਼ ਮਨ ਵਾਲਾ ਗੁਰਮੁਖ ਗੁਰਮਤਿ ਵਿਰੋਧੀ ਕਰਮ ? ਦਾਸ ਲਈ ਮੰਨਣਾ ਔਖਾ ਬਣ ਗਿਆ ਹੈ। ਕਿਰਪਾ ਕਰਕੇ ਇਸ ਭੂੰਡੀ ਖ਼ਬਰ ਬਾਰੇ ਦਾਸ ਦੇ ਮਨ ਦਾ ਬੋਝ ਹਟਾ ਦੇਣ ਦੀ ਮਿਹਰ ਕਰਨੀ ਜੀ। ਸਿੰਘ ਸਾਹਿਬ ਪ੍ਰੋਫ਼ੈਸਰ ਮਨਜੀਤ ਸਿੰਘ ਨਾਲ ਵੀ ਸਿੱਧਾ ਸੰਪਰਕ ਬਨਾਉਣਾ ਚਾਹੁੰਦਾ ਹਾਂ। ਪਰ ਉਹ ਸ਼ਾਇਦ ਜਿੰਨਾਂ ਚਿਰ ਤਖ਼ਤ ਤੇ ਹਨ ਦਾਸ ਦੀ ਕ ਕਰੀਏ। ਦਾਸ ਦੇ ਲਿਖੇ ਦਾ ਕੀ ਮੁਲ ਜੇ ਪੁਸਤਕਾਂ ਸਕੂਲਾਂ ਕਾਲਜਾਂ ਵਿਚ ਨਾ ਪੁੱਜਣ। ਨੌਜਵਾਨ ਪੀੜ੍ਹੀ ਨੂੰ ਤਿਆਰ ਕਰਨ ਦੀ ਲੋੜ ਹੈ ਕਿਉਂਕਿ ਸਾਰਾ ਹੀ ਢਾਂਚਾ ਗੁਰਮਤਿ ਅਨੁਸਾਰ ਕਰ ਦੇਣਾ ਜ਼ਰੂਰੀ ਹੈ। ਬੜਾ ਤਕੜਾ ਸੰਘਰਸ਼ ਕਰਨਾ ਪੈਣਾ ਹੈ। ਜਿਸ ਪੰਥਕ ਮਰਯਾਦਾ ਦੀ ਤੁਸੀਂ ਸਫ਼ਾਰਸ਼ ਕਰਦੇ ਹੋ ਉਸ ਬਾਰੇ ਦਾਸ ਦੇ ਵਿਚਾਰ ਪੜ੍ਹ ਕੇ ਗੁਰੂਬਾਣੀ ਅਨੁਸਾਰ ਠੀਕ ਨਿਰਣਾ ਲਿਖ ਬੇਜਣਾ ਕਰਨਾ ਜੀ, ਦਾਸ ਪਾਬੰਦ ਰਹੇਗਾ। ਆਮ ਲੋਕਾਂ ਦੀ ਕਚਿਹਰੀ ਵਿਚ ਜਾਣ ਤੋਂ ਪਹਿਲਾਂ ਤੁਸੀ ਬੜੇ ਧਿਅਨ ਨਾਲ ਪੜ੍ਹ ਕੇ ਸੋਧਾਂ ਕਰਨ ਦੀ ਲੋੜ ਹੈ। ਹੋਈਆਂ ਭੁੱਲਾਂ ਦੀ ਖਿਮਾ **ਸਾਡੇ ਸਾਰਿਆਂ ਵਲੋਂ ਆਪ ਜੀ ਨੂੰ ਸਹਿਤ ਪਰਵਾਰ ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ ॥ ਪਰਵਾਨ ਹੋਵੇ।**

**ਗੁਰਮਤਿ-ਜੀਵਣੀ ਜੀਊਂ ਰਹੇ ਗੁਰਮੁਖਾਂ ਦੇ ਚਰਣਾਂ ਦੀ ਧੂੜ- ਦਾਸਰਾ ਗੁਰਬਖ਼ਸ਼ ਸਿੰਘ**

**Mailing Address--11442-86/6 AvenueDelta- BC V4C-2Y8CANADA**

**ਭੁਜ ਬਲ ਬੀਰ ਬ੍ਰਹਮ ਸੁਖ ਸਾਗਰ ਗਰਤ ਪਰਤ ਗਹਿ ਲੇਹੁ ਅੰਗੁਰੀਆ ॥੧॥ ਰਹਾਉ ॥**
**ਸ੍ਰਵਨਿ ਨ ਸੁਰਤਿ ਨੈਨ ਸੁੰਦਰ ਨਹੀ ਆਰਤ ਦੁਆਰਿ ਟਤ ਪਿੰਗੁਰੀਆ ॥੧॥ ਦੀਨਾ ਨਾਥ**
**ਅਨਾਥ ਕਰੁਣਾ ਮੈ ਸਾਜਨ ਮੀਤ ਪਿਤਾ ਮਹਤਰੀਆ ॥ ਚਰਨ ਕਵਲ ਹਿਰਦੈ ਗਹਿ ਨਾਨਕ**
**ਭੈ ਸਾਗਰ ਸੰਤ ਪਾਰਿ ਉਤਰੀਆ ॥੨॥੨॥੧੧੫॥**

**ੴ ਸਤਿਗੁਰ ਪ੍ਰਸਾਦਿ ॥**

**ਪਰਮ ਸਨਮਾਨ ਜੋਗ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਜੀਓ !** **Jan 17, 2000**

**ਵਾਹਿਗੁਰੂ ਜੀ ਕਾ ਖ਼ਾਲਸਾ । ਵਾਹਿਗੁਰੂ ਜੀ ਕੀ ਫ਼ਤਹਿ ॥**

੧- ਆਪ ਜੀ ਵਲੋਂ ਅੱਗੜ ਪਿੱਛੜ ਦੋ ਪੁੱਤਰ ਆਉਣ ਤੇ, ਮਿਤੀ November- 10- 1999 ਨੂੰ ਲਿਖੇ ਪੱਤਰ, ਵਿਚ ਦਾਸ ਦੇ ਹਿਰਦੇ ਦੀ ਸੱਚੀ ਪੁਕਾਰ-" **ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ ॥**" ਦਾਸ ਸਚੇ ਗੁਰਮੁਖ ਨਾਲ ਮੇਲ ਕਰਾਉਣ ਵਾਲੀ ਗੁਰੂ-ਬਖ਼ਸ਼ਸ਼ ਮੰਨ ਬੈਠਾ ਸੀ ਅਤੇ ਤੁਹਾਡੇ ਵਲੋਂ ਅਜੇਹੇ ਉਤਰ ਦੀ ਉਡੀਕ ਵਿਚ ਸਾਂ ਜੋ ਦਾਸ ਪ੍ਰਤੀ ਤੁਹਾਡੇ ਸੱਚੇ ਭਰੋਸੇ ਦਾ ਸੂਚਕ ਹੁੰਦਾ। ਪਰ, ਕੋਈ ਵੀ ਉਤਰ ਨਾ ਅਇਆ ਤੇ ਸਪੋਕਸ ਮੈਨ ਵਿਚ ਛਪੇ ਆਪ ਜੀ ਦੇ ਬਿਆਨ ਬਾਰੇ ਫੋਨ ਆਉਣੇ ਸ਼ੁਰੂ ਹੋ ਗਏ। ਦਾਸ ਨੇ ਪੜਿਆ ਨਹੀਂ ਸੀ ਸੋ ਕੀ ਕਹਿ ਸਕਦਾ ਸੀ। ਚਿੱਠੀ ਵਿਚ ਕੀ ? ਤੇ ਬਿਆਨ ਵਿਚ ਰੰਗ ਹੋਰ ਹੀ ? ਤੁਹਾਡੇ ਨਾਲ ਨਿੱਜੀ ਪੱਧਰ ਦੀ ਨੇੜਤਾ ਬਣਾਉਣ ਲਈ, ਦਾਸ ਉਹ ਸੁਪਨਾ, ਸ਼ਾਇਦ -" ਜ਼ਾਤ ਦੀ ਕੋਹੜ ਕਿਰਲੀ, ਛਤੀਰਾਂ ਨੂੰ ਜੱਫੇ "- ਵਾਲੀ ਗਲ ਸੀ। " ਕਿਥੇ ਪੰਥ ਵਿਚ ਸਤਕਾਰੇ ਹੋਏ ਸਿੰਘ ਸਾਹਿਬ ਜੀ, ਤੇ ਕਿਥੇ ਦਾਸ ਜਿਹਾ ਗ਼ਰੀਬੜਾ ਕੀਰ ? ਚਿੱਠੀਆਂ ਵਿਚ ' ਸਤਿਕਾਰ ਜੋਗ ਬਜ਼ਰਗੋ' 'ਬਾਪੂ ਜੀ' ਲਿਖਣ ਵਾਲੇ ਸਿੰਘ ਸਾਹਿਬ ਗਿ: ਕੇਵਲ ਸਿੰਘ ਜੀ ਵੀ ਅਸ਼ਲ ਸਿਆਸੀ ਖਿਡਾਰੀ ਹੀ ਹਨ ? ਪ੍ਰੇਸ਼ਾਨੀ ਦਾ ਘੇਰਾ ਭੀੜਾ ਹੁੰਦਾ ਗਿਆ। ਸਪੋਕਸ ਮੈਨ ਵਿਚ ਤੁਹਾਡਾ ਬਿਆਨ ਆਪ ਵੀ ਪੜ੍ਹ ਲਿਆ। ਮਨ ਬਣਾ ਰਿਹਾ ਸਾਂ ਕਿ, ਜਬਾਨੀ ਭਰਮ ਦੂਰ ਕਰ ਲਵਾਂ। ਆਪ ਜੀ ਨਾਲ ਫੋਨ ਤੇ ਸੰਪਰਕ ਬਣਾਉਣ ਦਾ ਪੂਰਾ (ਪਰ ਨਿਸਫਲ) ਟਿੱਲ ਲਾਇਆ।

੨- ਦੁਚਿੱਤੀ ਵਿਚ ਸਾਂ ਕਿ, ਸਿਆਸੀ ਸੂਝ-ਬੂਝ ਵਾਲੇ, ਬੜੇ ਨੇੜੂ ਸੱਜਣ ਦਾ ਫੋਨ ਆਇਆ। ਉਸ ਨੇ ਦੱਸਿਆ, ਕਿ ਉਹ ਦੋ ਮਹੀਨੇ ਪੰਜਾਬ ਵਿਚ ਰਹਿਣ ਉਪ੍ਰੰਤ ਕੱਲ੍ਹ ਹੀ ਮੁੜਿਆ ਹੈ। ਦੇਸ਼ ਦਾ ਹਾਲ ਪੁੱਛਣ ਤੇ " ਬੈਡ ਨੀਊਜ਼ ' ਇਹ ਸੁਣਾਈ ਕਿ, ਸਿੱਖਾਂ ਦੀ ਲਗ ਸਾਰੀ

ਲੀਡਰਸ਼ਿਪ ਅਥਵਾ ਸਾਰੀ ਜਥੇਦਾਰੀ, ਬ੍ਰਾਮਣੀ ਸਰਕਾਰ ਦੇ ਹੱਥੀਂ ਵਿਕ ਚੁੱਕੀ ਹੈ। ਬੜੀ ਚਿੰਤਾਤੁਰ ਸੁਰ ਵਿਚ ਦਾਸ ਨੂੰ ਸੁਚੇਤ ਕਰਦਿਆਂ ਆਖਿਆ- 'ਤੁਹਾਡੀ ਵਡਮੁੱਲੀ ਸੇਵਾ ਸਭ ਤੋਂ ਵੱਧ ਜਥੇਦਾਰਾਂ ਨੂੰ ਦੁਖੀ ਕਰ ਰਹੀ ਹੈ। ਜੇ ਕਦੇ ਤੁਹਾਡੀ ਜਾਨ ਤੇ ਮਾਰੂ ਵਾਰ ਹੋਇਆ ਤਾਂ ਯਾਦ ਰੱਖੋ ਕਿ. ਉਹ ਉਨ੍ਹਾਂ ਜਥੇਦਾਰਾਂ ਨੇ ਹੀ ਕਰਵਾਉਣਾ ਹੈ। ਤੁਸੀਂ ਉਨ੍ਹਾਂ ਲਈ 'ਸਪੁ ਦੇ ਮੂੰਹ ਵਿਚ ਕੋਹੜ ਕਿਰਲੀ' ਵਾਲੀ ਸਮੱਸਿਆ ਬਣਦੇ ਜਾ ਰਹੇ ਹੋ। ਸਿੱਖੀ ਦੀ ਚੜ੍ਹਦੀ ਕਲਾ ਵੇਖਣ ਵਾਲਾ ਸਾਰਾ ਸਿੱਖ ਜਗਤ ਨਿਰਸੰਦੇਹ ਤੁਹਾਡੀ ਲੰਮੀ ਉਮਰ ਲਈ ਹਿਰਦੇ ਤੋਂ ਅਰਦਾਸਾਂ ਕਰਦਾ ਹੈ, ਪਰ ਜਿਨ੍ਹਾਂ ਦੀ ਕਿਸੇ ਗਲ ਤੇ ਕਦੇ ਕਿਸੇ ਨੇ ਕਿੰਤੂ ਨਹੀਂ ਸੀ ਕੀਤਾ, ਤੁਹਾਡੀਆਂ ਚਿੱਠੀਆਂ ਤੋਂ ਵਡੇ ਪ੍ਰੇਸ਼ਾਨ ਹਨ।

੩- "ਇਨ੍ਹਾਂ ਗੱਲਾਂ ਤੇ ਜ਼ਰਾ ਵੀ ਭਰੋਸਾ ਕਰਨਾ ਦਾਸ ਲਈ ਅਸੰਭਵ ਸੀ। ਮੌਤ ਦਾ ਫ਼ੈਸਲਾ ਸਿਰਜਣਹਾਰ ਦੇ ਵੱਸ ਵਿਚ ਹੈ। ਜੇ ਦਾਸ ਦੀ ਜ਼ਿੰਦਗੀ ਦਾ ਅੰਤ ਕਿਸੇ ਮਨੁੱਖ ਦੇ ਹਥੋਂ ਲਿਖਿਆ ਜਾ ਚੁੱਕਾ ਹੈ, ਤਾਂ ਕੋਈ ਰੋਕ ਨਹੀਂ ਸਕਦਾ। ਪਰ ਜੇ ਸਤਿਗੁਰੂ ਜੀ ਨੇ ਦਾਸ ਤੋਂ ਅਜੇ ਹੋਰ ਸੇਵਾ ਲੈਣੀ ਹੈ ਤਾਂ, ਕੋਈ ਖ਼ਤਰਾ ਸੰਭਵ ਨਹੀਂ ਹੈ।" ਫਿਰ ਵੀ ਉਸ ਸੁਹਿਰਦ ਗੁਰਸਿੱਖ ਨੇ ਜ਼ੋਰ ਪਾਇਆ ਕਿ, ਕੋਈ ਅਜੇਹੀ ਲਿਖਤ ਬਣਾ ਰੱਖਣੀ ਚਾਹੀਦੀ ਹੈ, ਕਿ, ਜੇ ਕੋਈ ਭਣਾ ਵਰਤ ਹੀ ਜਾਵੇ, ਤਾਂ, ਪੁਲੀਸ ਲਈ ਜਥੇਦਾਰਾਂ ਤੋਂ ਵੀ ਪੁੱਛ ਗਿਛ ਕਰ ਲੈਣੀ ਸੌਖੀ ਬਣ ਜਾਵੇ। ਕਿਤੇ, ਇਹ ਨਾ ਹੋਵੇ ਕਿ, ਇਹ ਪਾਸਾ ਕੱਛਾਂ ਵਜਾਉਂਦਾ ਰਹੇ ਤੇ ਪੁਲਸ ਧਿਙਾਣੇ ਲੋਕਾਂ ਨੂੰ ਪ੍ਰੇਸ਼ਾਨ ਕਰਦੀ ਰਹੇ। ਪਰ, ਕਿਸੇ ਠੋਸ ਸਬੂਤ ਤੋ ਬਿਨਾਂ ਮੈਂ ਕਿਵੇਂ ਯਕੀਨ ਕਰਾਂ ਕਿ, ਤੁਹਾਡੀਆਂ ਗੱਲਾਂ ਵਿਚ ਕੋਈ ਗੰਭੀਰ ਸਚਾਈ ਲੁਕੀ ਬੈਠੀ ਹੈ ?

੪- ਅਗਲੇ ਹੀ ਦਿਨ (ਮਿਤੀ ੧੧ ਜਨਵਰੀ, ●●) ਉਚੇਚੇ ਤੌਰ ਤੇ ਉਸ ਸੁਹਿਰਦ ਗੁਰਸਿੱਖ ਨੇ, ਇਕ ਬੀਬੀ ਜੀ ਦੇ ਹੱਥੀਂ ਜੋ ਲਿਖਤ ਦਾਸ ਕੋਲ ਭੇਜੀ, ਉਸ ਤੋਂ ਜ਼ਰਾ ਸ਼ੱਕ ਨਹੀਂ ਰਹਿੰਦਾ ਕਿ, (ਤੁਹਾਡੇ ਸਮੇਤ ੧੯੯੮ ਵਾਲੀ) ਸਰਬ-ਉੱਚ ਜਥੇਦਾਰ ਸਾਹਿਬਾਨ, ਪੰਥ ਨੂੰ ਬ੍ਰਾਹਮਣੀ ਰੰਗ ਵਿਚ ਰੰਗ ਦੇਣ ਲਈ ਬਚਨ ਬੱਧ ਹੋ ਚੁੱਕੇ ਹਨ। ਪਰ, ਉਸ ਸਭ ਕੁਝ ਦਾ ਦਾਸ ਨਾਲ ਕੋਈ ਜੋੜ ਨਹੀਂ ਸੀ ਬਣਦਾ। ਉਸ ਵਿਚ ਦਾਸ ਲਈ ਖ਼ਤਰਾ ਕਿੱਥੇ ਲੁਕਿਆ ਹੋਇਆ ਹੈ ? ਫਿਰ ਜਦ ਦੂਜੇ ਸ਼ਹਿਰੋਂ ਵੀ, ਵੈਸੀ ਹੀ ਚਿਤਾਵਣੀ ਪ੍ਰਾਪਤ ਹੋਈ ਤਾਂ ਸੁਚੇਤ ਰਹਿਣਾ ਚੰਗੀ ਗੱਲ ਹੋ ਦਿੱਸੀ। ਦਾਸ ਦੇ ਮੰਨ ਵਿਚ ਸ਼ੰਕਾ ਪੈਦਾ ਹੋਇਆ ਕਿ, ਤੁਸੀਂ ਦਾਸ ਨਾਲ ਸਿੱਧਾ ਸੰਪਰਕ ਬਣਾਉਣ ਵਿਚ ਕਾਣ ਕਿਉਂ ਮੰਨਦੇ ਹੋ ? ਪਰ ਸ਼ਾਇਦ ਸਾਰਾ ਕੁਝ ਭਰਮ ਹੀ ਹੋਵੇ ? ਕਈ ਵਾਰੀ ਅੱਖੀਂ ਵੇਖੀ ਤੇ ਕੰਨੀ ਸੁਣੀ ਗੱਲ ਵੀ ਝੂਠ ਹੁੰਦੀ ਹੈ। ਸੋ ਦਾਸ ਨੇ ਸਾਰੀ ਗੱਲ ਆਪ ਜੀ ਨਾਲ ਸਾਂਝੀ ਕਰ ਲੈਣੀ ਠੀਕ ਸਮਝੀ ਹੈ। ਜੇ ਤੁਸੀਂ ਸੁਹਿਦਤਾ ਨਾਲ ਚਾਹਿਆ ਤਾਂ ਉਸ ਲਿਖਤ ਬਾਰੇ,ਦਾਸ ਨੇ ਜੋ ਲਿਖਣਾ ਅਰੰਭ ਕੀਤਾ ਹੋਇਆ ਹੈ, ਇੰਟਰ ਨੈਟ ਤੇ ਪਾਉਣ ਤੋਂ ਪਹਿਲਾਂ, ਦਾਸ, ਆਪ ਜੀ ਦੀ ਸੇਵਾ ਵਿਚ ਭੇਜ ਸਕਦਾ ਹੈ।

ਅੰਤ ਵਿਚ ਦੋ ਗੱਲਾਂ:-

੫- ਪਾਵਨ ਗੁਰੂ ਬਾਣੀ ਦੇ ਹਵਾਲਿਆਂ ਨਾਲ ਦਾਸ, ਸਿੱਧ ਕਰ ਰਿਹਾ ਹੈ, ਕਿ ਸਪੋਕਸ ਮੈਨ ਵਿਚਲੇ ਤੁਹਾਡੇ ਬਿਆਨ ਵਿਚਲਾ ਕਿੰਤੂ ਪ੍ਰੰਤੂ ਕੇਵਲ ਨਿੰਦਿਆ ਹੀ ਹੈ। 'ਨਾਨਕ' ਨਾਮ ਲਿਖਣ ਦੀ ਗੱਲ, ਸਿਰਲੇਖ ਵਾਲੀ ਪੂਰੀ ਬਾਣੀ ਪ੍ਰਤੀ ਹੈ, ਕਿਸੇ ਪਉੜੀ ਜਾ ਸ਼ਬਦ ਦੀ ਗੱਲ ਨਹੀਂ ਹੈ। ਬਾਬਾ ਸੁੰਦਰ ਜੀ, ਸਤਾ ਬਲਵੰਡ, ਭੱਟਾਂ ਸਮੇਤ ਭਗਤਾਂ ਦੀ ਬਾਣੀ ਸਤਿਗੁਰਾਂ ਦੀ ਮਨਜ਼ੂਰੀ ਪ੍ਰਾਪਤ ਕਰ ਚੁੱਕੀ ਹੈ। ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਦੇ ਵਾਰਸ ਲਈ ਜੋਤਿ ਦੇ ਨਾਲ ਜੁਗਤਿ ਵੀ ਲਾਜ਼ਮੀ ਹੈ- ਬ-ਹਵਾਲਾ- ਭਾਈ ਗੁਰਦਾਸ, ਵਾਰ ੨੬ ਪਉੜੀ ੩੧। Interview ਛਾਪਣ ਤੇ ਦਾਸ ਨੂੰ ਵੀ ਰੋਸ ਸੀ। ਪਾਵਨ ਗੁਰੂ ਬਾਣੀ ਦੀ ਗਿਆਨ-ਛਾਂ ਤੋਂ ਬਿਨਾਂ ਦਾਸ ਦੀ ਹਸਤੀ ਹੀ ਕੀ ਹੈ ਕਿ, ਕੋਈ ਨਿਰਣਾ ਸੁਣਾ ਸਕਾਂ। ਪਰ ਸ: ਜੋਗਿੰਦਰ ਸਿੰਘ ਹੁਣਾ ਦਾਸ ਦਾ ਉਹ ਬਿਆਨ ਜੋ ਜ: ਰਣਜੀਤ ਸਿੰਘ ਜੀ ਦੀਆਂ ਬੜ੍ਹਕਾਂ ਦੇ ਸਮੇ ਲਿਖਿਆ ਸੀ, ਤੁਹਾਡੇ ਬਿਆਨ ਦੇ ਮਗੋਂ ਛਾਪਿਆ ? ਭੁਲਾਂ ਦੀ ਖਿਮਾਂ। ਗੁਰਮਤਿ ਅਨੁਸਾਰ ਜੀਵਨ ਜੀ ਰਹੇ ਗੁਰਮੁਖਾਂ ਦੀ ਚਰਨਧੂੜ-- ਦਾਸਰਾ

ਗੁਰਬਖ਼ਸ਼ ਸਿੰਘ

**ੴ ਸਤਿਗੁਰ ਪ੍ਰਸਾਦਿ ॥**

**ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ॥**
**ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ ॥੪॥**

**Sept:17 2000.**

ਗੁਰਮੁਖਿ ਪਿਆਰੇ, ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਜੀਓ !

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ ।

ਆਪ ਜੀ ਨੇ ਉਸ ਦਿਨ ਦਾਸ ਨੂੰ ੪ ਦਿਨ ਹੋਰ ਕੁਝ ਨਾ ਲਿਕਣ ਲਈ ਕਹਿ ਜੋ ਬਚਨ ਕੀਤਾ ਸੀ ਕਿ ੪ ਦਿਨਾ ਉਪੋਰੰਤ ਆਪ ਜ਼ਰੂਰ ਦਾਸ ਨਾਲ ਸੰਪਰਕ ਪੈਦਾ ਕਰੋਗੇ ਜੇ, ਪੁਸਤਕ ਵਾਪਸ ਲੈਣ ਵਾਲੀ ਗੱਲ ਕਿਸੇ ਨੇ ਨਾ ਮੰਨੀ ਤਾਂ ਤੁਸੀ ਬਿਅਨ ਦੇ ਦਿਉਗੇ ਕਿ ਤੁਹਾਡੇ ਦਸਖ਼ਤ ਧੋਖੇ ਨਾਲ ਕਰਾਏ ਸਨ। ਜੇ ਆਪ ਜੀ ਦੀ ਥਾਂ ਧਾਰਮਿਕ ਹੈ ਤਾਂ ਸੱਚੇ ਗੁਰਸਿੱਖ ਦੇ 'ਬਚਨ' ਬਾਰੇ ਕਿਸੇ ਮੁਸਲਮਾਨ ਕਵੀ ਦਾ ਭਰੋਸੇ ਦੀ ਗਲ ਪੜ੍ਹ ਲਵੋ:-

ਗਿਰੇ ਜੁ ਆਸਮਾਂ ਨੀਚੇ, ਜ਼ਮੀਨ ਉਲਟੀ ਪਲਟ ਜਾਏ।
ਕਮਰ੧ ਆਪਣੀ ਜਗਾਹ ਛੋੜੇ ਯਾ ਖ਼ੁਰਸ਼ੀਦ੨ ਭੀ ਹੱਟ ਜਾਏ। ੧=ਚੰਦ। ੨=ਸੂਰਜ।
ਸਮੁੰਦਰ ਹਸਤੀ ਲੇਕਰ ਖ਼ੁਦ, ਕੂਜ਼ਾ ਮੇ ਸਿਮੱਟ ਜਾਏ।
ਫ਼ਲਕ ਪਿਹ ਫ਼ੌਜੇ ਅੰਜਮਨ ਖ਼ੁਦ ਭਿੜ ਕੇ ਆਪਸ ਮੇ ਕੱਟ ਜਾਏ। ਫ਼ਲਕ=ਆਸਮਾਨ। ਅੰਜਮਨ=ਸਿਤਾਰੇ, ਨਛੱਤਰ।

**ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥** **ਇਸ ਘਰ ਕੋ ਆਗ ਲਗੀ ਘਰ ਕੇ ਚਿਰਾਗ਼ ਸੇ**

ਮਲਕ ਬਦਲੇ, ਮੁਲਕ ਬਦਲੇ, ਜ਼ਮੀਨੋ ਆਸਮਾਂ ਬਦਲੇ । ਮਲਕ=ਹਾਕਮ, ਰਾਜਾ । ਮੁਲਕ=ਦੇਸ਼ ।
**ਮਗਰ ਮੁਮਕਨ ਨਹੀਂ, ਕਿਸੀ ਸਿੱਖ ਕੀ ਜ਼ਬਾਂ ਬਦਲੇ ।**

ਸਤਿਗੁਰਾਂ ਦਾ ਬਚਨ ਤੁਸੀਂ ਭੁਲੈ ਹੋਏ ਨਹੀਂ ਹੋ--"**ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ ॥ ਅੰਦਰਹੁ ਥੋਥਾ ਕੂੜਿਆਰੁ ਕੂੜੀ ਸਭ ਖਚਾ ॥** ਹੁਣ ਆਪ ਜੀ ਦੇ ਕੋਲੋਂ ਸ: ਅਮਰਜੀਤ ਸਿੰਘ ਦੇ ਤੀਸਰੇ ਲੇਖ ਨੇ ਮਜਬੂਰ ਕੀਤਾ ਤਾਂ ਦਾਸ ਨੂੰ ਲਿਖਣਾ ਪਿਆ। ਪਾਠਕਾਂ ਤੱਕ ਪੁੱਜਣ ਤੇ ਕੀ ਹੁਣ ਸਾਰਿਆਂ ਦੀ ਨੇਕ ਨਾਮੀ ਹੋਣੀ ਹੈ ਜੀ ? ਅਜੇ ਵੀ ਦਾਸ ਨੇ ਸਿੱਧੀ ਅਮਰਜੀ ਸਿੰਘ ਸਾਹਿਬ ਨੂੰ ਹੀ ਚਿੱਠੀ ਲਿਖੀ ਹੈ । ਅਗਲੀ ਕਰਵਾਈ ਉਹ ਜਾਣੇ ।ਤੁਸਾਂ ਆਪਣਾ ਹਾਣ ਲਾਭ ਵੇਖਣਾ ਹੈ ਦਾਸ ਨੇ ਸਤਿਗੁਰੂ ਜੀ ਨਾਲ ਕੀਤਾ ਆਪਣਾ ਬਚਨ ਨਿਭਣਾ ਹੈ, ਭਾਵੇਂ ਸੀਸ ਲੱਗ ਜਾਵੇ। ਭੁੱਲਾਂ ਦੀ ਖਿਮਾ -- ਗੁਰਮਤਿ ਅਨੁਸਾਰ ਜੀਵਨ ਜੀਊਂ ਰਹੇ ਗੁਰਮੁਖਾਂ ਦੀ ਚਰਨ ਧੂੜ--

ਦਾਸਰਾ ਗੁਰਬਖ਼ਸ਼ ਸਿੰਘ

**ਕਬੀਰ ਐਸੀ ਹੋਇ ਪਰੀ ਮਨ ਕੋ ਭਾਵਤੁ ਕੀਨੁ ॥**
**ਮਰਨੇ ਤੇ ਕਿਆ ਡਰਪਨਾ ਜਬ ਹਾਥਿ ਸਿਧਉਰਾ ਲੀਨ** ॥੭੧॥

**ੴ ਸਤਿਗੁਰ ਪ੍ਰਸਾਦਿ ॥**
**ਕਾਇਆ ਨਗਰਿ ਬਸਤ ਹਰਿ ਸੁਆਮੀ ਹਰਿ ਨਿਰਭਉ ਨਿਰਵੈਰੁ ਨਿਰੰਕਾਰਾ ॥**
**ਹਰਿ ਨਿਕਟਿ ਬਸਤ ਕਛੁ ਨਦਰਿ ਨ ਆਵੈ ਹਰਿ ਲਾਧਾ ਗੁਰ ਵੀਚਾਰਾ ॥ ੧ ॥**

ਗੁਰਮੁਖਿ ਪਿਆਰੇ, ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਜੀਓ ! ਜਨਵਰੀ ੩੧ ੨੦੦੧

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ ।

ਭਾਵੇ ਤੁਸਾਂ ਦਾਸ਼ ਨਾਲ ਸੰਪਰਕ ਰੱਖਣ ਵਾਲਾ ਬਚਨ ਨਿਭਾਉਣਾ ਠੀਕ ਨਾ ਸਮਝਿਆ। ਪਰ ਦਾਸ ਨੇ ਤੁਹਾਡੇ ਪ੍ਰਤੀ ਦਿਲੋਂ ਨੇੜਤਾ ਬਣਾ ਲਈ ਅਤੇ ਹੁਣ- "**ਗੁਰਬਿਲਾਸ ਪਾਤਸ਼ਾਹੀ ੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਸਵੱਟੀ ਤੇ**" ਛਪਣ ਲਈ ਤਿਆਰ ਪੁਸਤਕ ਨੂੰ ਪੜ੍ਹਨ ਵਾਲੇ ਤੁਹਾਡੇ ਲਈ ਹਮਦਰਦੀ ਅਤੇ ਪਿਆਰ ਦੀ ਭਾਵਣਾ ਹੀ ਬਣਾਇਆ ਕਰਨਗੇ ਨਹੀਂ ਤਾਂ ਜੋ ਕੁਝ ਲਿਖਿਆ ਜਾ ਰਿਹਾ ਹੈ ਅਤੇ ਜਿਨਾਂ ਕਥਿਤ ਗੁਰੂ-ਸਾਖੀਆਂ ਨੂੰ ਤੁਸੀਂ ਗੁਰੂ ਇਤਿਹਾਸ ਕਹਿੰਦੇ ਆ ਰਹੁ ਹੋ ਉਨ੍ਹਾਂ ਦੀ ਅਸਲੀਯਤ ਕੀ ਲਿਖੀ ਜਾ ਰਹੀ ਗਾਥਾ ਵਚੋਂ (ਤਿਆਰ ਹੋਏ ਖਰੜੇ ਵਿਚੋਂ, ਵੰਨਗੀ ਮਾਤਰ ਭੇਜੀਆਂ ਕੇਵਲ ਇਕ ਦੋ ਕਹਾਣੀਆਂ.ਪੜ੍ਹਨ ਦੀ ਖੇਚਲ ਝੱਲ ਲੈਣਾ ਜੀ )

ਸਾਰੀ ਜਥੇਦਾਰੀ ਵਲ ਝਾਤੀ ਮਾਰੀਏ ਤਾਂ ਤੁਸੀ ਹੀ, ਸੁਰਜੀਤ ਨਜ਼ਰ ਆਉਂਦੇ ਹੋ। ਵੇਦਾਂਤੀ ਸਾਹਿਬ ਬਾਰੇ ਜੋ ਕੁਝ ਤੁਸਾਂ ਕਿਹਾ ਸੀ ਉਹ ਉਸਤਤਿ ਹੋ ਨਿਬੜੀ। ਉਨ੍ਹਾਂ ਦੀ ਸੇਵਾ ਵਿਚ ਜਿਹੜਾ (ਸ਼ਾਇਦ ਅੰਤਮ) ਬੇਨਤੀ ਪੱਤਰ ਭੇਜਿਆ ਹੈ ਉਸ ਨਾਲ ਨੱਥੀ ਸਭ-ਕੁਝ ਦਾ ਉਤਾਰਾ ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਜੀ ਦੀ ਸੇਵਾ ਵਿਚ ਭੇਜ ਦਿੱਤਾ ਸੀ, ਕੇਵਲ ਜਾਣਕਾਰੀ ਹਿੱਤ ਤੁਹਾਡੀ ਸੇਵਾ ਵਿਚ ਵੀ ਉਹ ਚਿੱਠੀ ਭੇਜ ਰਿਹਾ ਹਾਂ। ਦਾਸ ਨੇ ਕਈ ਵਾਰੀ ਯਤਨ ਕੀਤਾ ਪਰ ਤੁਹਾਡੇ ਨਾਲ ਸੰਪਰਕ ਨਾ ਬਣ ਸਕਿਆ।

ਗੁਰੂਬਾਣੀ ਪ੍ਰਤੀ ਜਾਣਕਾਰੀ ਬਾਰੇ ਆਪਣੇ ਉੱਤੇ ਤਾ ਤੁਹਾਨੂੰ ਸ਼ਾਇਦ ਰਾਮ ਪੁਰਤਲਵਾੜੇ ਜਿਹਾਂ ਅਗਿਆਨੀਆਂ ਵਰਗਾ ਭਰੋਸਾ ਵੀ ਨਹੀਂ ਰਿਹਾ ਹੋਇਆ ? ਮਿਲੀ ਸੂਚਨਾ ਅਨੁਸਾਰ ਤੁਸਾਂ ਆਪਣੀ ਮਰਜ਼ੀ ਨਾਲ ਚੁਣੇ "ਪਰਮ-ਗਿਅਨੀਆਂ" ਤੋਂ ਪੜਤਾਲ ਕਰਵਾ ਲਈ ਹੈ, ਜੇ ਕਦੇ ਗੁਰਮਤਿ ਵਿਰੋਧੀ ਕੋਈ ਠੋਸ ਸਬੂਤ ਮਿਲ ਗਿਆ ਹੁੰਦਾ ਤਾਂ ਦਾਸ ਵਿਰੁੱਧ ਰਜਵਾਂ ਭੰਡੀ ਪਰਚਾਰ ਕਰਨ ਵਿਚ ਤੁਸਾਂ ਵੀ ਪਿੱਛੇ ਨਹੀ ਸੀ ਰਹਿਣਾ। ਪਰ ਜੇ ਹੁਣ ਉਹ ਖੁਨਾਮੀ ਰਹਿਤ ਹੀ ਮੰਨੀਆਂ ਗਈਆਂ ਹਨ ਤਾਂ, ਉਨ੍ਹਾਂ ਨੂੰ ਉਹੀ ਮਾਨਤਾ ਜਿਹੜੀ ਗੁਰਬਿਲਾਸ ਪਾਤਸ਼ਾਹੀ ਛੇਵੀ ਨੂੰ ਦਿੱਤੀ ਸੀ, ਨਾ ਦਿੱਤੀ ਜਾਣੀ ਕੀ ਸੁਹਿਰਦਤਾ ਹੈ ਕਿ, ਪੰਥ ਵਿਰੋਧੀ ਬੜੀ ਸ਼ਰਮਨਾਕ ਕੁਟਲਤਾ ? ਭਾਵੇ ਇਸ ਪੰਥ-ਭਲਾਈ ਦੇ ਕਾਰਜ ਬਾਰੇ ਵਿਚਾਰ ਤੱਕ ਕਰਨੀ ਕਿਸੇ ਹੋਰ ਦਾ ਹਿਰਦਾ ਬਰਦਾਸ਼ਤ ਨਹੀਂ ਕਰਦਾ, ਤਾਂ ਵੀ (ਭਾਵੇ ਸੋਨੇ ਨੂੰ ਸੋਨਾ ਮਨਵਾ ਲੈਣ ਦੀ ਗੱਲ ਸਿਰੇ ਨਾ ਵੀ ਚੜ੍ਹਵਾ ਸਕੋ ਪਰ ਘੱਟੋ ਘੱਟ) ਤੁਸੀਂ ਦੋਵੇਂ ਸਿੰਘ ਸਾਹਿਬਾਨ, ਜਿਗਰਾ ਕਰਕੇ ਗੱਲ ਚਲਾ ਕੇ ਲੋਕਾਂ ਦੀ ਵਾਹ ਹੀ ਖਟ ਲੈਂਦੇ ? ਵਿਰੋਧੀਆਂ ਨੇ ਜ਼ੋਰ ਲਾ ਕੇ ਵੇਖ ਲਿਆ ਹੈ, ਸੱਜਣ ਸਮਝੇ ਜਾ ਰਹੇ ਵੀ ਹੁਣ ਕੁਝ ਕਰ ਵਿਖਉਣ। ਸ਼ਾਇਦ ਦਾਸ ਵੀ ਇਸ ਪੰਥਕ ਉਪਕਾਰ ਦਾ ਕੁਝ ਬਦਲਾ ਮੋੜ ਹੀ ਸਕਦਾ ਹੋਵੇ? ਜਿਨ੍ਹਾਂ ਨੂੰ ਬਚਾਈ ਰੱਖਣ ਦੇ ਯਤਨਾ ਵਿਚ ਮਨੱਖਤਾ ਦੇਸ਼ੁਭ ਗੁਣਾ ਨੂੰ ਤਲਾਂਜਲੀ ਦਿੱਤੀ ਜਾ ਰਹੀ ਹੋ, ਵੇਖੋ ਉਹ ਪਦਵੀਆਂ ਕਿਤੇ ਖਿਸਕ ਹੀ ਨਾ ਤੁਰਨ ?

ਵੈਨਕੂਵਰ ਤੋਂ ਕੱਢ ਰਹੇ ਮਾਸਕ ਪਰਚੇ ਦਾ ਸੂਝਵਾਨ ਗੁਰਮੁਖ ਐਡੀਟਰ ਅਜੇ ਕੱਲ੍ਹ ਹੀ ਦਾਸ ਕੋਲੋਂ ਬੈਠਾ ਕਹਿ ਰਿਹਾ ਸੀ- "ਪ੍ਰੋਫ਼ੈਸਰ ਮਨਜੀਤ ਸਿੰਘ ਜੀ ਨੇ ਤਾ ਮੀਸਣਿਆਂ ਵਾਲੀ ਚੁੱਪ ਨੀਤੀ ਨਾਲ ਬੜਾ ਖੁਲ੍ਹਾ ਧਨ ਇਕੱਤਰ ਕਰ ਲਿਆ ਹੈ, ਵਿਚਾਰੇ ਗਿਅਨੀ ਕੇਵਲ ਸਿੰਘ ਨੇ ਕਮਜ਼ੋਰਾਂ ਵਾਲੀ ਜੀ-ਹਜ਼ੂਰੀ ਤੋ ਖਟਿਆ ਵੀ ਕੁਝ ਨਹੀਂ ਲੱਗਦਾ। ਕਮਜ਼ੋਰੀ ਅਥਵਾ ਕਾਇਰਤਾ ਦਾ ਸਪੱਸ਼ਟ ਅਰਥ "ਬੇਮੁਖਤਾਈ" ਹੈ। ਨਹੀਂ ਤਾਂ ਭਲਾ ਸੂਰਬੀਰ ਵਰਿਆਮੁ ਸਤਿਗੁਰੂ ਜੀ ਦਾ ਸਿੱਖ, ਨਿਰਭਉ ਸਿਰਜਣਹਾਰ ਦੀ ਅਰਧਨਾ ਵਿਚ ਜੁੜਿਆ ਗੁਰਮੁਖਿ ਭੈ, ਰਹਿਤ ਕਿਵੇ ਨਾ ਹੋਵੇ ? "**ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ ॥"-ਅਥਵਾ-"ਨਿਰਭਉ ਸੰਗਿ ਤੁਮਾਰੈ ਬਸਤੇ ਇਹੁ**

**ਡਰਨੁ ਕਹਾ ਤੇ ਆਇਆ”**– ਚਲੋ ਤੁਹਾਡੇ ਬਹਾਨੇ ਸਤਿਗਰੂ ਜੀ ਦੇ ਬਚਨ ਇਸ ਕੀਟ ਨੇ ਵੀ ਯਾਦ ਕਰ ਲਏ।

ਤਖ਼ਤ ਸ੍ਰੀ ਕੇਸ ਗੜ ਸਾਹਿਬ ਤੋਂ ਆਈ ਚਿੱਠੀ ਤਾਂ ਏਹੀ ਸਿੱਧ ਕਰਦੀ ਹੈ ਕਿ, ਤੁਸੀ ਵਡੀ ਤੋਂ ਵੱਡੀ ਕਸਮ ਖਾ ਕੇ ਸਗੋਂ ਇਹ ਕਹਿਣ ਵਿਚ ਫ਼ਖ਼ਰ ਮੰਨਦੇ ਹੋ ਕਿ, ਪੰਥ ਵਿਚ ਚੱਕਰ ਲਾ ਰਹੀ, ਚੰਗੀ ਜਾਂ ਮਾੜੀ ਕੋਈ ਵੀ ਪੁਸਤਕ ਕਦੇ ਨਹੀ ਪੜ੍ਹਦੇ, ਬਸ ਜਿੱਧਰ ਲੋਕ ਉਂਗਲ ਕਰ ਦੇਣ ਉਧਰ ਹੀ ਮੁਖਰਬਿੰਦ ਕਰਕੇ ਬੋਲਣਾ ਅਰੰਭ ਕਰ ਦਿੰਦੇ ਹੋ। ਸਚੁ ਝੂਠ ਦਾ ਨਿਰਣਾ ਵੀ ਕਦੇ ਕਰ ਵੇਖਣਾ ਸੀ ਜੀ ? ਕਦੇ ਤੁਸੀਂ ਆਪਣੀ ਚਿੱਠੀ ਵਿਚ ਦਾਸ ਲਈ ‘ਆਪਣਾ’ ਸ਼ਬਦ ਵਰਤਿਆ ਸੀ, ਪਰ.ਨਦੀ ਕਿਨਾਰੇ ਇਸ ਜਰਜਰੇ ਰੁੱਖੜੇ ਨੂੰ ਸ਼ੰਕਾ ਹੈ ਕਿ, ਦਾਸ ਨਾਲ **ਆਪਣਿਆਂ ਵਾਲੀ ਨੇੜਤਾ** ਦਰਸਉਣ ਵਾਲਾ ਬਚਨ. ਕਿਤੇ ਛਲਾਵਾ ਤਾਂ ਨਹੀਂ । ਬਿਨਾ ਜਾਣੇ ਬੁੱਝੇ ਜਿਸ ਦੇ ਅੰਦਰ ਦਾਸ ਪਰਤੀ ਨੇੜਤਾ ਬਣੀ ਹੈ, ਅਸਟਰੇਲੀਆਂ ਦੇ ਗੁਰੂਸਿੱਖ ਨੇ ਇਕ ਚਿੱਠੀ ਵੇਦਾਂਤੀ ਜੀ ਦੇ ਨਾਮ ਸ਼ਾਇਦ (ਅਜਾਂਈ) ਲਿਖ ਭੇਜੀ ? ਉਸ ਦਾ ਉਤਾਰਾ ਦਾਸ ਵਲ ਇੰਗਲੈਂਡ ਦੇ ਭਾਈ ਗੁਰਬਖ਼ਸ਼ ਸਿੰਗ ਜੀ ਦੁਆਰਾ ਪ੍ਰਾਪਤ ਹੋਇਆ। ਭਾਵੇ ਤੁਸਾਂ ਕੂੜੇ ਦੇ ਢੇਰ ਤੇ ਹੀ ਸੁਟ ਦਿਉ, ਫਿਰ ਵੀ ਉਸ ਚਿੱਠੀ ਦਾ ਉਤਾਰਾ ਆਪ ਜੀ ਦੇ ਕਦਮਾ ਵਿਚ ਪੇਸ਼ ਕਰ ਰਿਹਾ ਹਾਂ। ਸਿੰਘ ਸਾਹਿਬ ਮਨਜੀਤ ਸਿੰਘ ਜੀ ਨੂੰ ਵਲ ਚਿੱਠੀ ਫੋਸਟ ਹੋ ਜਾਣ ਦੇ ਮਗਰੋਂਨ ਮਿਲੀ ਸੀ ਸੋ ਜੇ ਠੀਕ ਸਮਝੋ ਤਾਂ ਉਨ੍ਹਾਂ ਨੂੰ ਵੀ ਪੜ੍ਹਾ ਦੇਣੀ।

ਬਾਕੀ ਤਾਂ ਰਾਮ ਰਾਮ ਸਤਿ ਹੀ ਹੋਇਆ ਲੱਗਦਾ ਹੈ, ਪਰ ਘਟੋ ਘੱਟ ਇਸ ਬਿਰਧ ਦੀਆਂ ਭੁਲਾਂ ਜ਼ਰੂਰ ਖਿਮਾ ਕਰ ਦਿਆ ਕਰੋ। ਏਹ ਵੀ ਆਪ ਜੀ ਦਾ ਕੋਈ ਛੋਟਾ ਉਪਕਾਰ ਨਹੀਂ ਹੈ। ਗੁਰਮਤਿ ਦੇ ਅਨੁਸਾਰ ਜੀਵਨ ਬਤੀਤ ਕਰ ਰਹੇ ਗੁਰਮੁਖ ਪਿਆਰਿਆਂ ਦੀ ਚਰਨਧੂੜ–

ਦਾਸਰਾ
ਗੁਰਬਖ਼ਸ਼ ਸਿੰਘ